Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 158 01/11/2025 www.samajweekly.com samajweekly @samajweekly samajweekly

# ਅਵਾਰਾ ਕੁੱਤਿਆਂ ਦਾ ਮਾਮਲਾ: ਮੁੱਖ ਸਕੱਤਰਾਂ ਵੱਲੋਂ ਵਰਚੁਅਲ ਤੌਰ 'ਤੇ ਪੇਸ਼ ਹੋਣ ਦੀ ਬੇਨਤੀ ਨੂੰ ਅਦਾਲਤ ਨੇ ਕੀਤਾ ਰੱਦ

## 3 ਨਵੰਬਰ ਨੂੰ ਸਾਰਿਆਂ ਸੂਬਿਆਂ ਤੇ ਯੂ.ਟੀ. ਦੇ ਮੁੱਖ ਸਕੱਤਰਾਂ ਨੂੰ ਪੇਸ਼ ਹੋਣ ਲਈ ਕਿਹਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਅਤੇ ਤੇਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਦੀ ਅਵਾਰਾ ਕੁੱਤਿਆਂ ਦੇ ਮਾਮਲੇ ਵਿੱਚ 3 ਨਵੰਬਰ ਨੂੰ ਵਰਚੁਅਲ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦੀ ਬੇਨਤੀ ਨੂੰ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਅਦਾਲਤ ਦੇ ਹੁਕਮਾਂ ਦਾ "ਕੋਈ ਸਤਿਕਾਰ" ਨਹੀਂ ਹੈ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਅਤੇ ਤੇਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਇਸ ਦੇ ਸਾਹਮਣੇ ਪੇਸ਼ ਹੋਣ ਅਤੇ
ਇਹ ਦੱਸਣ ਦਾ ਨਿਰਦੇਸ਼ ਦਿੱਤਾ ਸੀ ਕਿ ਅਦਾਲਤ ਦੇ 22 ਅਗਸਤ ਦੇ ਹੁਕਮਾਂ ਦੇ ਬਾਵਜੂਦ ਪਾਲਣਾ ਹਲਫ਼ਨਾਮੇ ਕਿਉਂ ਦਾਇਰ ਨਹੀਂ ਕੀਤੇ ਗਏ।
ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਬੈਂਚ ਦੇ 22 ਅਗਸਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਨੋਟ ਕੀਤਾ ਕਿ ਪੱਛਮੀ ਬੰਗਾਲ, ਤੇਲੰਗਾਨਾ ਅਤੇ ਦਿੱਲੀ ਨਗਰ ਨਿਗਮ (ਛਧ) ਨੂੰ ਛੱਡ ਕੇ ਕਿਸੇ ਵੀ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਨੇ 27 ਅਕਤੂਬਰ ਤੱਕ ਪਾਲਣਾ ਹਲਫ਼ਨਾਮਾ ਦਾਇਰ ਨਹੀਂ ਕੀਤਾ ਸੀ। ਅਦਾਲਤ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਪਸ਼ੂ ਜਨਮ ਨਿਯੰਤਰਣ (ABC) ਨਿਯਮਾਂ ਬਾਰੇ ਪੁੱਛਿਆ ਸੀ।
ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਮਾਮਲੇ ਦਾ ਹਵਾਲਾ ਦਿੰਦੇ ਹੋਏ ਬੈਂਚ ਨੂੰ ਬੇਨਤੀ ਕੀਤੀ



ਕਿ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਵਰਚੁਅਲ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਮਹਿਤਾ ਨੇ ਕਿਹਾ, "ਇਹ ਕੁੱਤਿਆਂ ਤੋਂ ਧਮਕੀ ਦਾ ਮਾਮਲਾ ਹੈ। ਸਾਡੀ ਕੁਤਾਹੀ ਕਾਰਨ, ਅਦਾਲਤ ਨੂੰ ਮੁੱਖ ਸਕੱਤਰਾਂ ਨੂੰ ਤਲਬ ਕਰਨ ਲਈ ਮਜਬੂਰ ਹੋਣਾ ਪਿਆ। ਇੱਕੋ ਇੱਕ ਬੇਨਤੀ ਹੈ, ਕੀ ਉਹ ਸਰੀਰਕ ਤੌਰ 'ਤੇ ਪੇਸ਼ ਹੋਣ ਦੀ ਬਜਾਏ ਵਰਚੁਅਲ ਤੌਰ 'ਤੇ ਪੇਸ਼ ਹੋ ਸਕਦੇ ਹਨ?"
ਜਸਟਿਸ ਨਾਥ ਨੇ ਕਿਹਾ ਕਿ ਮੁੱਖ ਸਕੱਤਰਾਂ ਨੂੰ ਸਰੀਰਕ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣਾ ਚਾਹੀਦਾ ਹੈ। ਜਸਟਿਸ ਨਾਥ ਨੇ ਕਿਹਾ, "ਇਹ ਬਹੁਤ ਮੰਦਭਾਗਾ ਹੈ ਕਿ ਅਦਾਲਤ ਇੱਥੇ ਉਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਦੀ ਕੋਸ਼ਿਸ਼ ਵਿੱਚ ਸਮਾਂ ਬਰਬਾਦ ਕਰ ਰਹੀ ਹੈ ਜਿਨ੍ਹਾਂ ਦਾ ਹੱਲ ਨਗਰ ਨਿਗਮਾਂ ਅਤੇ ਰਾਜ ਸਰਕਾਰਾਂ ਨੂੰ ਕਈ ਸਾਲ ਪਹਿਲਾਂ ਕਰਨਾ ਚਾਹੀਦਾ ਸੀ।" ਉਨ੍ਹਾਂ ਕਿਹਾ ਕਿ ਸੰਸਦ ਨੇ ਨਿਯਮ (ਏਬੀਸੀ) ਬਣਾਏ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਜਸਟਿਸ ਨਾਥ ਨੇ ਕਿਹਾ, "ਜਦੋਂ ਅਸੀਂ ਉਨ੍ਹਾਂ ਨੂੰ ਪਾਲਣਾ ਹਲਫ਼ਨਾਮੇ ਦਾਇਰ ਕਰਨ ਲਈ ਕਹਿੰਦੇ ਹਾਂ, ਤਾਂ ਉਹ ਚੁੱਪਚਾਪ ਬੈਠ ਜਾਂਦੇ ਹਨ। ਅਦਾਲਤ ਦੇ ਹੁਕਮ ਦਾ ਕੋਈ ਸਤਿਕਾਰ ਨਹੀਂ ਹੈ।" ਤਾਂ ਠੀਕ ਹੈ, ਉਨ੍ਹਾਂ ਨੂੰ ਆਉਣ ਦਿਓ।" ਬੈਂਚ ਨੇ ਸਪੱਸ਼ਟ ਕੀਤਾ ਕਿ ਮੁੱਖ ਸਕੱਤਰਾਂ ਨੂੰ ਅਦਾਲਤ ਵਿੱਚ ਪੇਸ਼ ਹੋਣਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ ਕਿ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਪਾਲਣਾ ਹਲਫ਼ਨਾਮੇ ਕਿਉਂ ਨਹੀਂ ਦਾਇਰ ਕੀਤੇ। ਮਹਿਤਾ ਨੇ ਕਿਹਾ ਕਿ ਮਾਮਲੇ ਵਿੱਚ ਪਾਲਣਾ ਹਲਫ਼ਨਾਮੇ ਦਾਇਰ ਕੀਤੇ ਗਏ ਸਨ। ਬੈਂਚ ਨੇ ਨੋਟ ਕੀਤਾ ਕਿ ਜਦੋਂ 27 ਅਕਤੂਬਰ ਨੂੰ ਮਾਮਲੇ ਦੀ ਸੁਣਵਾਈ ਹੋਈ, ਤਾਂ ਸਿਰਫ਼ ਪੱਛਮੀ ਬੰਗਾਲ, ਤੇਲੰਗਾਨਾ ਅਤੇ ਐਮਸੀਡੀ ਨੇ ਪਾਲਣਾ ਹਲਫ਼ਨਾਮੇ ਦਾਇਰ ਕੀਤੇ ਸਨ। 27 ਅਕਤੂਬਰ ਨੂੰ, ਅਵਾਰਾ ਕੁੱਤਿਆਂ ਦੇ ਮਾਮਲੇ ਦੀ ਸੁਣਵਾਈ ਕਰਦੇ ਹੋਏ, ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਅਤੇ ਇਹ ਦੱਸਣ ਲਈ ਕਿਹਾ ਸੀ ਕਿ ਅਦਾਲਤ ਦੇ 22 ਅਗਸਤ ਦੇ ਹੁਕਮ ਦੇ ਬਾਵਜੂਦ ਪਾਲਣਾ ਹਲਫ਼ਨਾਮੇ ਕਿਉਂ ਦਾਇਰ ਨਹੀਂ ਕੀਤੇ ਗਏ। ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਦੇ ਮਾਮਲੇ ਵਿੱਚ ਪਾਲਣਾ ਹਲਫ਼ਨਾਮੇ ਦਾਇਰ ਨਾ ਕਰਨ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਫਟਕਾਰ ਲਗਾਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ ਅਤੇ ਵਿਦੇਸ਼ਾਂ ਵਿੱਚ ਦੇਸ਼ ਦੀ ਬਦਨਾਮੀ ਕਰ ਰਹੀਆਂ ਹਨ।

# ਮੁੰਬਈ ਹਵਾਈ ਅੱਡੇ ਉਤੇ ਮਹਿਲਾ ਤੋਂ 47 ਕਰੋੜ ਦੀ ਕੋਕੀਨ ਜ਼ਬਤ

**ਮੁੰਬਈ।** ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਨੇ ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ ਉਤੇ ਇਕ ਮਹਿਲਾ ਮੁਸਾਫ਼ਰ ਕੋਲੋਂ 4.7 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਹੈ, ਜਿਸ ਦੀ ਕੀਮਤ 47 ਕਰੋੜ ਰੁਪਏ ਹੈ। ਅਧਿਕਾਰੀਆਂ ਨੇ ਦਸਿਆ ਕਿ ਡੀ.ਆਰ.ਆਈ. ਟੀਮ ਨੇ ਸ਼੍ਰੀਲੰਕਾ ਦੇ ਕੋਲੰਬੋ ਤੋਂ ਆਈ ਮੁਸਾਫ਼ਰ ਨੂੰ ਰੋਕਿਆ ਅਤੇ ਉਸ ਦੇ ਸਾਮਾਨ ਦੀ ਜਾਂਚ ਕੀਤੀ। ਜਾਂਚ ਦੌਰਾਨ ਕੌਫੀ ਪੈਕੇਟਾਂ ਦੇ ਅੰਦਰ ਛੁਪੇ ਹੋਏ ਚਿੱਟੇ ਪਾਊਡਰ ਦੇ ਨੌਂ ਥੈਲੇ ਬਰਾਮਦ ਕੀਤੇ ਗਏ। ਐਨ.ਡੀ.ਪੀ.ਐਸ. ਫੀਲਡ ਕਿੱਟ



ਵਲੋਂ ਜਾਂਚ ਨੇ ਪੁਸ਼ਟੀ ਕੀਤੀ ਕਿ ਪਦਾਰਥ ਕੋਕੀਨ ਸੀ। ਇਸ ਤੋਂ ਬਾਅਦ ਹਵਾਈ ਅੱਡੇ ਉਤੇ ਖੇਪ ਪ੍ਰਾਪਤ ਕਰਨ ਵਾਲੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਤਿੰਨ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

# ਮਹਿਲਾ ਡਾਕਟਰ ਖ਼ੁਦਕੁਸ਼ੀ: ਮੁੱਖ ਮੰਤਰੀ ਫੜਨਵੀਸ ਵੱਲੋਂ ਐੱਸਆਈਟੀ ਗਠਿਤ ਕਰਨ ਦਾ ਹੁਕਮ

**ਬੀਡ।** ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪਿਛਲੇ ਹਫ਼ਤੇ ਸਤਾਰਾ ਜ਼ਿਲ੍ਹੇ ਵਿੱਚ ਇੱਕ ਮਹਿਲਾ ਡਾਕਟਰ ਦੀ ਕਥਿਤ ਖ਼ੁਦਕੁਸ਼ੀ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਹੁਕਮ ਦਿੱਤਾ ਹੈ। ਮੱਧ ਮਹਾਰਾਸ਼ਟਰ ਦੇ ਬੀਡ ਜ਼ਿਲ੍ਹੇ ਦੀ ਰਹਿਣ ਵਾਲੀ ਇਹ ਡਾਕਟਰ 23 ਅਕਤੂਬਰ ਨੂੰ ਫਲਟਨ ਦੇ ਇੱਕ ਹੋਟਲ ਦੇ ਕਮਰੇ ਵਿੱਚ ਫਾਹੇ ਨਾਲ ਲਟਕੀ ਮਿਲੀ ਸੀ। ਉਸ ਨੇ ਆਪਣੇ ਹੱਥ ’ਤੇ ਲਿਖੇ ਖ਼ੁਦਕੁਸ਼ੀ ਨੋਟ ਵਿੱਚ ਦੋਸ਼ ਲਾਇਆ ਸੀ ਕਿ ਸਬ-ਇੰਸਪੈਕਟਰ ਗੋਪਾਲ ਬਦਾਨੇ ਨੇ ਕਈ ਵਾਰ ਉਸ ਨਾਲ ਜਬਰ ਜਨਾਹ ਕੀਤਾ, ਜਦੋਂ ਕਿ ਪ੍ਰਸ਼ਾਂਤ ਬਾਂਕਰ, ਇੱਕ ਸੌਫਟਵੇਅਰ ਇੰਜੀਨੀਅਰ ਨੇ ਉਸ ਨੂੰ ਮਾਨਸਿਕ ਤੌਰ 'ਤੇ ਤੰਗ ਕੀਤਾ। ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਧਿਕਾਰੀ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਗ੍ਰਹਿ ਵਿਭਾਗ ਦਾ ਅਹੁਦਾ ਸੰਭਾਲ ਰਹੇ ਫੜਨਵੀਸ ਨੇ ਸੂਬੇ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਨੂੰ ਤੁਰੰਤ



ਇੱਕ ਮਹਿਲਾ ਆਈਪੀਐਸ ਅਧਿਕਾਰੀ ਦੀ ਅਗਵਾਈ ਵਿੱਚ ਇੱਕ ਸ਼ੀਠ ਦਾ ਗਠਨ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਹ ਕਦਮ ਮ੍ਰਿਤਕ ਦੇ ਵਾਰਸਾਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਕਰ ਰਹੇ ਨਾਗਰਿਕਾਂ ਅਤੇ ਸਿਆਸੀ ਪਾਰਟੀਆਂ ਦੇ ਦਬਾਅ ਹੇਠ ਆਇਆ ਹੈ। ਪੀੜਤ ਪਰਿਵਾਰ ਨੇ ਵੀ ਦੋਸ਼ੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਸ਼ੀਠ ਜਾਂਚ ਦੀ ਅਪੀਲ ਕੀਤੀ ਸੀ।

# ਡੰਕੀ ਰਾਹੀਂ ਅਮਰੀਕਾ ਜਾ ਰਹੇ ਕੈਥਲ ਦੇ ਨੌਜਵਾਨ ਨੂੰ ਡੌਂਕਰਾਂ ਨੇ ਗੋਲੀ ਮਾਰ ਕੇ ਮਾਰਿਆ

## ਡੌਂਕਰਾਂ ਨੇ ਬੰਧਕ ਬਣਾ ਕੇ ਪ੍ਰਵਾਰ ਤੋਂ ਮੰਗੇ ਸਨ ਲਗਭਗ 17.5 ਲੱਖ ਰੁਪਏ

**ਕੈਥਲ।** ਹਰਿਆਣਾ ਦੇ ਕੈਥਲ ਤੋਂ ਦੁਖਦਾਈ ਖਬਰ ਸਾਹਮਣੇ ਆਈ ਹੈ। ਇਥੇ ਡੰਕੀ ਰਾਹੀਂ ਅਮਕੀਕਾ ਜਾ ਰਹੇ ਮੋਹਣਾ ਪਿੰਡ ਦੇ ਯੁਵਰਾਜ ਨੂੰ ਡੌਂਕਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਇਹ ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਜਾਣਕਾਰੀ ਅਨੁਸਾਰ, ਹਰਿਆਣਾ ਅਤੇ ਪੰਜਾਬ ਦੇ ਦੋ ਨੌਜਵਾਨਾਂ ਨੂੰ 'ਡੰਕੀ ਰੂਟ' ਰਾਹੀਂ ਅਮਰੀਕਾ ਲਿਜਾਂਦੇ ਸਮੇਂ ਡੌਂਕਰਾਂ ਨੇ ਬੰਧਕ ਬਣਾ ਲਿਆ। ਡੌਂਕਰਾਂ ਨੇ ਹਰਿਆਣਾ ਦੇ ਨੌਜਵਾਨ ਦੇ ਪਿਤਾ ਨੂੰ ਤਸ਼ੱਦਦ ਦੀਆਂ ਵੀਡੀਓ ਭੇਜੀਆਂ, ਜਿਸ ਵਿੱਚ ਨੌਜਵਾਨ ਨੂੰ ਕੁੱਟੇ ਜਾਣ ਅਤੇ ਪਿਸਤੌਲ ਨਾਲ ਉਸ ਵੱਲ ਇਸ਼ਾਰਾ ਕਰਨ ਦੀ ਫੁਟੇਜ ਵੀ ਸ਼ਾਮਲ ਸੀ। ਕੁਝ ਮਹੀਨੇ ਪਹਿਲਾਂ, ਡੌਂਕਰਾਂ ਨੇ ਨੌਜਵਾਨ ਨੂੰ



ਛੱਡਣ ਲਈ ਪਿਤਾ ਤੋਂ 20,000 ਡਾਲਰ (ਲਗਭਗ 1.75 ਲੱਖ ਰੁਪਏ) ਦੀ ਫਿਰੌਤੀ ਮੰਗੀ ਸੀ। ਵੀਡੀਓ ਵਿੱਚ, ਨੌਜਵਾਨ ਨੇ ਆਪਣੇ ਪਿਤਾ ਤੋਂ ਪੈਸੇ ਮੰਗਦੇ ਹੋਏ ਕਿਹਾ, "ਉਹ ਮੈਨੂੰ ਮਾਰ ਦੇਣਗੇ।" ਨੌਜਵਾਨ ਨੂੰ ਅਮਰੀਕਾ ਭੇਜਣ ਵਾਲਾ ਏਜੰਟ ਵੀ ਫਰਾਰ ਦੱਸਿਆ ਜਾ ਰਿਹਾ ਹੈ। ਦੁਖੀ ਪਰਿਵਾਰ ਪਹਿਲਾਂ ਕੈਥਲ ਦੇ ਐਸਪੀ ਨੂੰ ਮਿਲਿਆ ਸੀ ਅਤੇ ਦੋਸ਼ੀ ਏਜੰਟਾਂ ਵਿਰੁੱਧ ਕਾਰਵਾਈ ਅਤੇ ਆਪਣੇ ਪੁੱਤਰ ਦੀ ਸੁਰੱਖਿਅਤ ਵਾਪਸੀ ਦੀ ਮੰਗ ਕੀਤੀ ਸੀ।

ਕੈਥਲਕੈਥਲਐਸਪੀ ਨੇ ਮਾਮਲੇ ਦੀ ਐਫਆਈਆਰ ਦਰਜ ਕਰਨ ਅਤੇ ਜਾਂਚ ਸ਼ੁਰੂ ਕਰਨ ਦਾ ਭਰੋਸਾ ਦਿੱਤਾ ਸੀ, ਪਰ ਹੁਣ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਯੁਵਰਾਜ ਦੇ ਪਿਤਾ ਕੁਲਦੀਪ, ਜੋ ਕਿ ਕੈਥਲ ਦੇ ਮੋਹਣਾ ਪਿੰਡ ਦੇ ਵਸਨੀਕ ਹਨ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਅਮਰੀਕਾ ਭੇਜਣ ਲਈ ਕੁਝ ਏਜੰਟਾਂ ਨਾਲ ਸੰਪਰਕ ਕੀਤਾ ਸੀ। ਏਜੰਟਾਂ ਨੇ 41 ਲੱਖ ਰੁਪਏ ਵਿੱਚ ਪੁੱਤ ਨੂੰ ਅਮਰੀਕਾ ਭੇਜਣਾ ਸੀ।

# ਚੱਕਰਵਾਤੀ ਤੂਫਾਨ ‘ਮੋਂਥਾ’ ਕਾਰਨ ਤੇਲੰਗਾਨਾ ’ਚ ਘੱਟੋ-ਘੱਟ 6 ਲੋਕਾਂ ਦੀ ਮੌਤ

**ਹੈਦਰਾਬਾਦ ।** ਚੱਕਰਵਾਤੀ ਤੂਫਾਨ ‘ਮੋਂਥਾ’ ਦੇ ਅਸਰ ਕਾਰਨ ਤੇਲੰਗਾਨਾ ਦੇ ਵੱਖ-ਵੱਖ ਹਿੱਸਿਆਂ ’ਚ 29 ਅਕਤੂਬਰ ਨੂੰ ਮੀਂਹ ਨਾਲ ਸਬੰਧਤ ਵੱਖ-ਵੱਖ ਘਟਨਾਵਾਂ ’ਚ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ। ਸਿੱਦੀਪੇਟ ਜ਼ਿਲ੍ਹੇ ’ਚ ਦੋ ਪਹੀਆ ਗੱਡੀ ਉਤੇ ਵਹਿ ਰਹੀ ਨਦੀ ਨੂੰ ਪਾਰ ਕਰਨ ਦੀ ਕੋਸ਼ਿਸ਼ ’ਚ ਪਤੀ-ਪਤਨੀ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਪਤਾ ਲਗਾਇਆ ਗਿਆ। ਇਕ ਹੋਰ ਘਟਨਾ ’ਚ ਜਨਗਾਓਂ ਜ਼ਿਲ੍ਹੇ ’ਚ ਹੜ੍ਹ ਦੇ ਪਾਣੀ ’ਚ ਵਹਿ ਕੇ ਇਕ ਔਰਤ ਦੀ ਮੌਤ ਹੋ ਗਈ। ਸੂਰੀਆਪੇਟ ਜ਼ਿਲ੍ਹੇ ’ਚ ਬਾਈਕ ਚਲਾਉਂਦੇ ਸਮੇਂ ਸੜਕ ਕਿਨਾਰੇ ਦਾ ਦਰੱਖਤ ਡਿੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਮਹਿਬੂਬਾਬਾਦ ਜ਼ਿਲ੍ਹੇ ’ਚ ਕੰਧ ਡਿੱਗਣ ਦੀ ਘਟਨਾ ’ਚ ਇਕ



ਬਜ਼ੁਰਗ ਔਰਤ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦਸਿਆ ਕਿ ਵਾਰੰਗਲ ’ਚ ਹੜ੍ਹ ਦਾ ਪਾਣੀ ਉਸ ਦੇ ਘਰ ’ਚ ਦਾਖਲ ਹੋਣ ਕਾਰਨ 60 ਸਾਲ ਦੇ ਇਕ ਵਿਅਕਤੀ ਦੀ ਮੌਤ ਹੋ ਗਈ। ਕੁੱਝ ਹੋਰ ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਵਿਚ ਲੋਕ ਹੜ੍ਹ ਦੇ ਪਾਣੀ ਵਿਚ ਵਹਿ ਕੇ ਲਾਪਤਾ ਹੋ ਗਏ ਸਨ। 29 ਅਕਤੂਬਰ ਨੂੰ ਭਾਰੀ ਮੀਂਹ ਕਾਰਨ ਵਾਰੰਗਲ, ਹਨਮਕੋਂਡਾ, ਮਹਿਬੂਬਾਬਾਦ, ਕਰੀਮਨਗਰ, ਖੰਮਮ, ਭਦਰਾਦਰੀ, ਕੋਠਾਗੁਡੇਮ, ਨਲਗੋਂਡਾ ਅਤੇ ਸਿੱਦੀਪੇਟ ਜ਼ਿਲ੍ਹਿਆਂ ਵਿਚ ਕਈ ਥਾਵਾਂ ਉਤੇ ਸੜਕਾਂ ਪਾਣੀ ਭਰ ਗਈਆਂ ਅਤੇ ਨੀਵੇਂ ਇਲਾਕਿਆਂ ਵਿਚ ਪਾਣੀ ਭਰ ਗਿਆ।

# ਸਾਰੇ ਵਿਵਾਦ ਦੀ ਜੜ੍ਹ RSS, ਲੱਗਣਾ ਚਾਹੀਦਾ ਬੈਨ ; ਮੱਲਿਕਾਰਜੁਨ ਖੜਗੇ ਨੇ ਮੋਦੀ ਸਰਕਾਰ ’ਤੇ ਨਿਸ਼ਾਨਾ ਸਾਧਿਆ

## ਦੇਸ਼ ਵਿੱਚ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਨੂੰ ਲੈ ਕੇ ਦੱਸਿਆ ਜ਼ਿੰਮੇਵਾਰ

**ਨਵੀਂ ਦਿੱਲੀ।** ਬਿਹਾਰ ਚੋਣਾਂ ਦਰਮਿਆਨ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ’ਤੇ ਦੁਬਾਰਾ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਵਿੱਚ ਜ਼ਿਆਦਾਤਰ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਾਂਗਰਸ ਪ੍ਰਧਾਨ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਝੂਠ ਨੂੰ ਸੱਚ ਵਿੱਚ ਬਦਲਣ ਵਿੱਚ ਮਾਹਰ ਹਨ। ਉਨ੍ਹਾਂ ਕਿਹਾ ਕਿ ਪਟੇਲ ਨੇ ਭਾਰਤ ਦੇ ਧਰਮ ਨਿਰਪੱਖ ਅਤੇ ਲੋਕਤੰਤਰੀ ਚਰਿੱਤਰ ਦੀ ਰੱਖਿਆ ਲਈ ਆਰਐਸਐਸ ’ਤੇ ਪਾਬੰਦੀ ਲਗਾਈ ਸੀ। ਉਨ੍ਹਾਂ ਕਿਹਾ , “ਜੇਕਰ ਤੁਸੀਂ ਹਰ ਚੀਜ਼ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਹੋ, ਤਾਂ ਆਪਣੇ ਕੰਮਾਂ ਵੱਲ ਦੇਖੋ।” ਖੜਗੇ ਨੇ ਕਿਹਾ, “ ਤੁਸੀਂ ਸੱਚ ਨੂੰ ਮਿਟਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼



ਕਰੋ, ਇਹ ਮਿਟੇਗਾ ਨਹੀਂ। ਉਹ (ਪ੍ਰਧਾਨ ਮੰਤਰੀ ਅਤੇ ਭਾਜਪਾ) ਹਮੇਸ਼ਾ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ, ਸਰਦਾਰ ਵੱਲਭਭਾਈ ਪਟੇਲ ਵਿਚਕਾਰ ਟਕਰਾਅ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ । ਨਹਿਰੂ ਅਤੇ ਪਟੇਲ ਦੇ ਬਹੁਤ ਚੰਗੇ ਸਬੰਧ ਸਨ ਅਤੇ ਪਟੇਲ ਨੇ ਨਹਿਰੂ ਨੂੰ ਲੋਕਾਂ ਦਾ ਨੇਤਾ ਦੱਸਿਆ ਸੀ।” ਉਨ੍ਹਾਂ ਕਿਹਾ, “ ਮੈਂ ਭਾਜਪਾ ਨੂੰ ਕਹਿਣਾ ਚਾਹੁੰਦਾ ਹਾਂ ਹਰ ਕੋਈ ਤੁਹਾਡਾ ਇਤਿਹਾਸ ਜਾਣਦਾ ਹੈ। ਨਹਿਰੂ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਗੁਜਰਾਤ ਵਿੱਚ ਪਟੇਲ ਦੀ ਮੂਰਤੀ ਦਾ ਉਦਘਾਟਨ ਕੀਤਾ ਅਤੇ ਸਰਦਾਰ ਸਰੋਵਰ ਡੈਮ ਦਾ ਨੀਂਹ ਪੱਥਰ ਰੱਖਿਆ।”

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਲੁਧਿਆਣਾ ਦੇ ਜਗਰਾਉਂ 'ਚ ਕਬੱਡੀ ਖਿਡਾਰੀ ਦਾ ਗੋਲੀਆਂ ਮਾਰ ਕੇ ਕਤਲ



**ਲੁਧਿਆਣਾ।** ਲੁਧਿਆਣਾ ਦੇ ਜਗਰਾਉਂ ਵਿੱਚ ਕਬੱਡੀ ਖਿਡਾਰੀ ਨੂੰ ਅਣਪਛਾਤੇ ਲੋਕਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ।ਖਿਡਾਰੀ ਦੀ ਮੌਕੇ ਉੱਤੇ ਮੌਤ ਹੋ ਗਈ। ਜਗਰਾਉਂ ਐਸਐਸਪੀ ਦਫ਼ਤਰ ਤੋਂ ਕੁਝ ਦੂਰੀ ਉਤੇ ਹੀ ਇਹ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ। ਜਾਣਕਾਰੀ ਮਿਲੀ ਹੈ ਕਿ 26 ਸਾਲਾ ਤੇਜਪਾਲ ਸਿੰਘ, ਪੁੱਤਰ ਰਣਧੀਰ ਸਿੰਘ ਵਾਸੀ ਪਿੰਡ ਗਿੱਦੜਵਿੰਡੀ ਨੂੰ ਜਗਰਾਉਂ ਦੇ ਹਰੀ ਸਿੰਘ ਹਸਪਤਾਲ ਰੋਡ ਦੇ ਲਾਗੇ 6 -7 ਨੌਜਵਾਨਾਂ ਵੱਲੋਂ ਕੁੱਟਮਾਰ ਕਰਨ ਤੋਂ ਬਾਅਦ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮ੍ਰਿਤਕ ਦੇ ਨਾਲ ਉਸ ਸਮੇਂ ਉਸ ਦੇ ਦੋ ਸਾਥੀ ਵੀ ਸਨ, ਉਨ੍ਹਾਂ ਦੀ ਵੀ ਕੁੱਟਮਾਰ ਕੀਤੀ ਗਈ। ਸੂਚਨਾ ਮਿਲਦੇ ਸਾਰ ਹੀ ਪੁਲਿਸ ਮੌਕੇ ਉੱਤੇ ਪਹੁੰਚ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਹਾਈਟੈਕ ਹਥਿਆਰਾਂ ਨਾਲ 7 ਆਰੋਪੀ ਕੀਤੇ ਕਾਬੂ




**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਖੁਫੀਆ ਜਾਣਕਾਰੀ ਦੇ ਆਧਾਰ ਤੇ ਕਾਰਵਾਈ ਕਰਦਿਆਂ ਪਾਕਿਸਤਾਨ ਨਾਲ ਜੁੜੇ ਇੱਕ ਸਰਹੱਦ ਪਾਰ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦੇ 7 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਕਾਬੂ ਕੀਤੇ ਗਏ ਵਿਅਕਤੀਆਂ ਵਿੱਚ ਸ਼ਮਸ਼ੇਰ ਸਿੰਘ ਉਰਫ ਸੀਮਾ, ਅਮਨਦੀਪ ਸਿੰਘ ਉਰਫ ਬੌਬੀ, ਬਲਵਿੰਦਰ ਸਿੰਘ ਉਰਫ ਕਾਕਾ, ਗੁਰਦੇਵ ਸਿੰਘ, ਕਰਨਪ੍ਰੀਤ ਸਿੰਘ, ਹਰਮਨ ਸਿੰਘ ਅਤੇ 1 ਨਾਬਾਲਗ ਸ਼ਾਮਿਲ ਹੈ। ਇਹ ਸਾਰੇ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਇਨ੍ਹਾਂ ਕੋਲੋਂ 15 ਆਧੁਨਿਕ ਪਿਸਤੌਲ (9 ਗਲੌਕ 9 ਐਮਐਮ ਪਿਸਤੌਲ ਅਤੇ 6 ਪਿਸਤੌਲ .30 ਬੋਰ) ਬਰਾਮਦ ਕੀਤੇ ਗਏ ਹਨ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਆਰੋਪੀ ਸੋਸ਼ਲ ਮੀਡੀਆ ਰਾਹੀਂ ਇੱਕ ਪਾਕਿਸਤਾਨ-ਅਧਾਰਤ ਹੈਂਡਲਰ ਦੇ ਸੰਪਰਕ ਵਿੱਚ ਸਨ ਅਤੇ ਪੰਜਾਬ ਭਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਪ੍ਰਾਪਤੀ ਅਤੇ ਸਪਲਾਈ ਵਿੱਚ ਸ਼ਾਮਲ ਸਨ। ਡੀ. ਜੀ. ਪੀ. ਨੇ ਦੱਸਿਆ ਕਿ ਇਸ ਸੰਬੰਧੀ ਅੰਮ੍ਰਿਤਸਰ ਦੇ ਛਾਉਣੀ ਪੁਲੀਸ ਥਾਣੇ ਵਿਖੇ ਐਫ ਆਈ ਆਰ ਦਰਜ ਕੀਤੀਆਂ ਗਈਆਂ ਹਨ। ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਇਸਨੂੰ ਖਤਮ ਕਰਨ ਲਈ ਹੋਰ ਜਾਂਚ ਜਾਰੀ ਹੈ, ਜਿਸ ਵਿੱਚ ਇਸਦੇ ਪਿਛਲੇ ਅਤੇ ਅੱਗੇ ਦੇ ਸਬੰਧ ਸ਼ਾਮਲ ਹਨ।

# ਬੱਸ ਤੇ ਟਰੱਕ ਦੀ ਟੱਕਰ ਵਿਚ ਕੰਡਕਟਰ ਦੀ ਮੌਤ, 12 ਸਵਾਰੀਆਂ ਜ਼ਖ਼ਮੀ



**ਪਟਿਆਲਾ।** ਇਥੇ ਸਰਹੰਦ ਰੋਡ ਤੇ ਟਰਾਈ ਸਿਟੀ ਦੇ ਸਾਹਮਣੇ ਅੱਜ ਸਵੇਰੇ ਪੀਆਰਟੀਸੀ ਦੀ ਬੱਸ ਅਤੇ ਟਰੱਕ ਦਰਮਿਆਨ ਟੱਕਰ ਹੋ ਗਈ। ਹਾਦਸੇ ਵਿਚ ਬੱਸ ਦੇ ਕੰਡਕਟਰ ਦੀ ਮੌਕੇ ਤੇ ਹੀ ਮੌਤ ਹੋ ਗਈ ਜਦਕਿ 12 ਹੋਰ ਸਵਾਰੀਆਂ ਜ਼ਖ਼ਮੀ ਹਨ। ਇਨ੍ਹਾਂ ਵਿਚੋਂ ਅੱਧੀਆਂ ਸਵਾਰੀਆਂ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ ਜਦੋਂਕਿ ਬਾਕੀ ਇੱਥੋਂ ਦੇ ਮਨੀਪਾਲ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਮ੍ਰਿਤਕ ਕੰਡਕਟਰ ਦੀ ਪਛਾਣ ਅਨਮੋਲ ਸਿੰਘ ਵਜੋਂ ਹੋਈ ਹੈ। ਜ਼ਖ਼ਮੀ ਸਵਾਰੀਆਂ ਵਿੱਚੋਂ ਵੀ ਸਿਰ ਤੇ ਸੱਟ ਲੱਗਣ ਕਾਰਨ ਇੱਕ ਦੀ ਹਾਲਤ ਗੰਭੀਰ ਹੈ। ਸੰਪਰਕ ਕਰਨ ਤੇ ਥਾਣਾ ਅਨਾਜ ਮੰਡੀ ਦੇ ਐਸਐਚਓ ਗੁਰਨਾਮ ਸਿੰਘ ਘੁੰਮਣ ਨੇ ਕਿਹਾ ਕਿ ਕੰਡਕਟਰ ਦੀ ਮ੍ਰਿਤਕ ਦੇਹ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਮੁਰਦਾਘਰ ਵਿੱਚ ਰੱਖੀ ਗਈ ਹੈ ਤੇ ਪੁਲੀਸ ਕਾਰਵਾਈ ਜਾਰੀ ਹੈ।

# ਮੱਧ ਪ੍ਰਦੇਸ਼ ਵਿਚ ਖੰਘ ਦੀ ਦਵਾਈ ਨਾਲ ਜੁੜੀ ਇਕ ਹੋਰ ਮੌਤ



**ਛਿੰਦਵਾੜਾ ।** ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ 'ਚ ਆਯੁਰਵੈਦਿਕ ਖੰਘ ਦੀ ਦਵਾਈ ਅਤੇ ਚੂਰਣ ਖਾਣ ਤੋਂ ਬਾਅਦ ਇਕ ਪੰਜ ਮਹੀਨੇ ਦੀ ਬੱਚੀ ਦੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਛਿੰਦਵਾੜਾ ਦੇ 21, ਬੇਤੁਲ ਦੇ ਦੋ ਅਤੇ ਪੰਧੁਰਨਾ ਦੇ ਇਕ ਬੱਚੇ ਸਮੇਤ 24 ਬੱਚਿਆਂ ਦੀ ਮੌਤ 'ਕੋਲਡਰਿਫ' ਦੇ ਸੇਵਨ ਨਾਲ ਮੌਤ ਹੋਈ ਸੀ। ਅਧਿਕਾਰੀ ਨੇ ਦਸਿਆ ਕਿ ਕੋਲਡਰਿਫ ਦੇ ਸੇਵਨ ਨਾਲ ਜੁੜੀ ਆਖਰੀ ਮੌਤ ਦੇ ਦੋ ਹਫ਼ਤਿਆਂ ਬਾਅਦ ਹੋਈ ਤਾਜ਼ਾ ਮੌਤ ਮਗਰੋਂ ਤਰਲ ਫਾਰਮੂਲੇ ਦੀ ਵਰਤੋਂ ਨਾਲ ਮਰਨ ਵਾਲਿਆਂ ਦੀ ਗਿਣਤੀ 25 ਹੋ ਗਈ ਹੈ। ਜ਼ੁਕਾਮ ਅਤੇ ਖੰਘ ਤੋਂ ਪੀੜਤ ਰੂਹੀ ਮਿਨੋਟ ਦੀ ਵੀਰਵਾਰ ਨੂੰ ਮੌਤ ਹੋ ਗਈ। ਉਸ ਦੇ ਪਰਵਾਰ ਨੇ ਚਾਰ ਦਿਨ ਪਹਿਲਾਂ ਕੁਰਾਥਾ ਮੈਡੀਕਲ ਸ਼ਾਪ ਤੋਂ ਇਕ ਆਯੁਰਵੈਦਿਕ ਦਵਾਈ ਅਤੇ ਕੁੱਝ ਚੂਰਣ ਖਰੀਦਿਆ ਸੀ। ਚੌਰਾਈ ਸਬ-ਡਵੀਜ਼ਨਲ ਮੈਜਿਸਟਰੇਟ (ਐਸ.ਡੀ.ਐਮ.) ਪ੍ਰਭਾਤ ਮਿਸ਼ਰਾ ਨੇ ਦਸਿਆ ਕਿ ਮੈਡੀਕਲ ਦੀ ਦੁਕਾਨ ਨੂੰ ਸੀਲ ਕਰ ਦਿਤਾ ਗਿਆ ਹੈ। ਪੁਲਿਸ ਨੇ ਗੈਰ ਕੁਦਰਤੀ ਮੌਤ ਦਾ ਮਾਮਲਾ ਦਰਜ ਕਰ ਲਿਆ ਹੈ। ਦਵਾਈ ਅਤੇ ਪਾਊਡਰ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.
SPECIALITY:
PLUMBING : - Repairs/Replacement of Bathrooms accessories (sink, taps, tubs, showers, Toilets etc.
ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.
MASONRY WORK: - Plastering, skimming, Brick Work, Slabs Lying, Drive Ways, Roof maintenance etc.
CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.
For more information please contact at www.checkatrade.com
Chander Consultants Limited, London, UK 07488841161

# ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਤਹਿਤ ਲਗਾਏ ਗਏ ਬੂਟੇ

## ਹਰਿਆਲੀ ਹੀ ਵਿਕਾਸ ਦੀ ਪਛਾਣ — ਨੌਜਵਾਨਾਂ ਨੇ ਲਿਆ ਵਾਤਾਵਰਣ ਸੰਭਾਲ ਦਾ ਸੰਕਲਪ



**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਵਾਤਾਵਰਣ ਸੰਭਾਲ ਅਤੇ ਹਰਿਆਲੀ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ (ਰਜਿ.) ਨਵਾਂਸ਼ਹਿਰ ਵੱਲੋਂ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਤਹਿਤ ਚੰਡੀਗੜ੍ਹ ਰੋਡ 'ਤੇ ਪੌਧਾਰੋਪਣ ਕੀਤਾ ਗਿਆ। ਇਹ ਪ੍ਰੋਗਰਾਮ ਯੁਵਾ ਕਾਰਜਕ੍ਰਮ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਮੇਰਾ ਯੁਵਾ ਭਾਰਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਤਹਿਤ ਆਯੋਜਿਤ ਕੀਤਾ ਗਿਆ।

ਇਹ ਪੌਧਾਰੋਪਣ ਕਲੱਬ ਦੇ ਮੈਂਬਰ ਕਰਣ ਸ਼ਰਮਾ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ ਕਿ ਇਹ ਮੁਹਿੰਮ ਸਿਰਫ਼ ਵਾਤਾਵਰਣ ਸੰਭਾਲ ਦਾ ਪ੍ਰਤੀਕ ਨਹੀਂ, ਸਗੋਂ ਮਾਂ ਦੇ ਪ੍ਰਤੀ ਪਿਆਰ, ਦਇਆ ਅਤੇ ਜੀਵਨ ਪ੍ਰਤੀ ਆਦਰ ਦਾ ਪ੍ਰਗਟਾਵਾ ਵੀ ਹੈ। ਰੁੱਖ ਸਾਡੇ ਜੀਵਨ ਦੇ ਲਈ ਸਾਹ ਹਨ — ਇਨ੍ਹਾਂ ਨੂੰ ਲਗਾਉਣਾ ਅਤੇ ਸਾਂਭਣਾ ਹਰ ਨਾਗਰਿਕ ਦਾ ਫਰਜ਼ ਹੈ।ਕਾਰਜਕ੍ਰਮ ਦੌਰਾਨ ਦਿਲਜੋਤ ਸਿੰਘ, ਬਿੰਨੀ, ਜਿੰਦਰ ਗਰਚਾ ਅਤੇ ਸੰਜੀਵ ਕੁਮਾਰ ਸਮੇਤ ਕਲੱਬ ਦੇ ਹੋਰ ਮੈਂਬਰ ਮੌਜੂਦ ਰਹੇ। ਉਨ੍ਹਾਂ ਨੇ ਕਿਹਾ ਕਿ ਜਦੋਂ ਦੇਸ਼ ਵਿਕਸਿਤ ਭਾਰਤ 2047 ਦੀ ਦਿਸ਼ਾ ਵੱਲ ਤਰੱਕੀ ਕਰ ਰਿਹਾ ਹੈ, ਹਰ ਜਵਾਨ ਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ — ਇੱਕ ਬੂਟਾ ਲਗਾਉਣਾ ਹੀ ਨਹੀਂ, ਉਸ ਦੀ ਦੇਖਭਾਲ ਕਰਨਾ ਵੀ ਰਾਸ਼ਟਰ ਸੇਵਾ ਦਾ ਰੂਪ ਹੈ।

ਕਲੱਬ ਵੱਲੋਂ ਸਾਰੇ ਨੌਜਵਾਨਾਂ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਨਾਲ ਜੁੜਨ, ਆਪਣੀ ਮਾਂ ਦੇ ਸਨਮਾਨ ਵਿਚ ਇੱਕ ਬੂਟਾ ਲਗਾਉਣ ਅਤੇ ਹਰਿਆਲੀ ਰਾਹੀਂ ਭਾਰਤ ਨੂੰ ਸਵੱਛ, ਸੁੰਦਰ ਅਤੇ ਵਿਕਸਿਤ ਰਾਸ਼ਟਰ ਬਣਾਉਣ ਵਿਚ ਯੋਗਦਾਨ ਪਾਉਣ।

# ਨੈਸ਼ਨਲ ਕਾਲਜ ਭੀਖੀ ਦਾ ਪੀਜੀਡੀਸੀਏ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ



**ਭੀਖੀ, (ਕਮਲ ਜਿੰਦਲ)** ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਕੋਰਸ ਪੀ ਜੀ ਡੀ ਸੀ ਏ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਰਨ ਹੁੱਡਾ ਨੇ 417 ਅੰਕਾਂ ਨਾਲ ਪਹਿਲਾ, ਦੀਆ ਰਾਣੀ ਅਤੇ ਪ੍ਰਿਆ ਨੇ 415 ਅੰਕਾਂ ਨਾਲ ਦੂਜਾ, ਜਸਵੀਰ ਕੌਰ,ਅਮਨਦੀਪ ਕੌਰ ਅਤੇ ਪਿੰਕੀ ਕੌਰ ਨੇ 408 ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ ਨਵਦੀਪ ਕੌਰ,ਪ੍ਰੋ ਅਮਨਦੀਪ ਕੌਰ,ਪ੍ਰੋ ਅਵਤਾਰ ਸਿੰਘ ,ਪ੍ਰੋ ਜਸਵਿੰਦਰ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਸਾਹਮਣੇ ਵਿਦਿਆਰਥੀਆਂ ਦੀਆਂ ਮੰਗਾਂ ਰੱਖੀਆਂ : ਡਾ ਨਛੱਤਰ ਪਾਲ ਐਮ ਐਲ ਏ







**ਬੰਗਾ ( ਚਰਨਜੀਤ ਸੱਲ੍ਹਾਂ )** ਪੰਜਾਬ ਵਿਧਾਨ ਸਭਾ ਦੀ ਵੈਲਫੇਅਰ ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਦਰ ਵਿਦਿਆਰਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਬਾਰੇ ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਰਦਾਰ ਕਰਮਜੀਤ ਸਿੰਘ ਅਤੇ ਉਹਨਾਂ ਦੇ ਸਟਾਫ ਦੇ ਨਾਲ ਯੂਨੀਵਰਸਿਟੀ ਅੰਦਰ ਰੋਸਟਰ ਸਿਸਟਮ ਪੋਸਟ ਮੈਟਰਿਕ ਸਕਾਲਰਸ਼ਿਪ ਵਿਦਿਆਰਥੀਆਂ ਅਤੇ ਹੋਸਟਲ ਦੇ ਅੰਦਰ ਬੱਚਿਆਂ ਵੱਲੋਂ ਲਈ ਜਾਂਦੀ ਫੀਸ ਅਤੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਗਜਟਡ ਛੁੱਟੀ ਨਾ ਕਰਨ ਦਾ ਮਾਮਲਾ ਵੀ ਧਿਆਨ ਚ ਲਿਆਂਦਾ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਜੀ ਨੇ ਹੋਰ ਕਈ ਮੰਗਾਂ ਵਿਦਿਆਰਥੀਆਂ ਦੇ ਭਲੇ ਲਈ ਰੱਖੀਆਂ ਉਹਨਾਂ ਨੇ ਇਹਨਾਂ ਸਾਰੇ ਮਾਮਲਿਆਂ ਤੇ ਅਮਲ ਕਰਨ ਦਾ ਭਰੋਸਾ ਦਿੱਤਾ।

# ਰਵਜੋਤ ਸਿੰਘ ਨੇ ਲੰਬੀ ਛਾਲ ਵਿਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਰਾਜ ਪੱਧਰੀ ਖੇਡਾਂ ਵਿਚ ਆਪਣਾ ਸਥਾਨ ਬਣਾਇਆ



**ਭੀਖੀ (ਕਮਲ ਜਿੰਦਲ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਅੰਡਰ 11 ਜਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿਚੋਂ ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਉ ਦੇ ਬੱਚੇ ਰਵਜੋਤ ਸਿੰਘ ਨੇ ਲੰਬੀ ਛਾਲ ਵਿਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਰਾਜ ਪੱਧਰੀ ਖੇਡਾਂ ਵਿਚ ਆਪਣਾ ਸਥਾਨ ਬਣਾਇਆ ਹੈ ।ਇਸ ਮੌਕੇ ਸਕੂਲ ਦੇ ਚੇਅਰਮੈਨ ਸ਼੍ਰੀ ਜੀਵੇਸ਼ ਸਿੰਗਲਾ ਜੀ ਨੇ ਬੱਚੇ ਨੂੰ ਵਧਾਈ ਦਿੱਤੀ ।ਉਹਨਾਂ ਦੱਸਿਆ ਕਿ ਇਹ ਬੱਚਾ ਆਪਣੀ ਮਿਹਨਤ ਸਦਕਾ ਰਾਜ ਪੱਧਰੀ ਖੇਡਾਂ ਵਿੱਚ ਆਪਣਾ ਸਥਾਨ ਬਣਾ ਸਕਿਆ ਹੈ। ਓਹਨਾਂ ਨੇ ਸਕੂਲ਼ ਦੇ ਡੀ ਪੀ ਮਨਪ੍ਰੀਤ ਸਿੰਘ ਦੀ ਵੀ ਹੌਂਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਇਹਨਾਂ ਦੀ ਜੀ ਤੋੜ ਮਿਹਨਤ ਸਦਕਾ ਅੱਜ ਬੱਚੇ ਨੂੰ ਇਹ ਮੈਡਲ ਹਾਸਿਲ ਹੋਇਆ ਹੈ।ਸਕੂਲ ਦੇ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਰਿਹਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪ੍ਰਿੰਸ ਐਂਡਰਿਊ ਤੋਂ ਸਾਰੇ ਰਾਜਸੀ ਖ਼ਿਤਾਬ ਹਟਾਏ, ਮਹੱਲ ਛੱਡਣ ਦਾ ਮਿਲਿਆ ਨੋਟਿਸ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)—** ਬ੍ਰਿਟੇਨ ਦੇ ਕਿੰਗ ਚਾਰਲਜ਼ ਨੇ ਆਪਣੇ ਭਰਾ ਪ੍ਰਿੰਸ ਐਂਡਰਿਊ ਤੋਂ ਸਾਰੇ ਰਾਜਸੀ ਉਪਾਧੀਆਂ ਅਤੇ ਸਨਮਾਨ ਹਟਾਉਣ ਦਾ ਫੈਸਲਾ ਕੀਤਾ ਹੈ। ਬਕਿੰਘਮ ਪੈਲੇਸ ਨੇ ਕਿਹਾ ਕਿ ਹੁਣ ਪ੍ਰਿੰਸ ਐਂਡਰਿਊ ਨੂੰ “ਐਂਡਰੂ ਮਾਊਂਟਬੈਟਨ-ਵਿੰਡਸਰ” ਦੇ ਨਾਮ ਨਾਲ ਜਾਣਿਆ ਜਾਵੇਗਾ। ਉਨ੍ਹਾਂ ਨੂੰ ਵਿੰਡਸਰ ਕੈਸਲ ਨੇੜੇ ਰਾਇਲ ਲੌਜ ਛੱਡਣ ਦਾ ਨੋਟਿਸ ਦਿੱਤਾ ਗਿਆ ਹੈ।ਇਹ ਕਦਮ ਉਸ ਸਮੇਂ ਆਇਆ ਹੈ ਜਦੋਂ ਪ੍ਰਿੰਸ ਐਂਡਰਿਊ ਉੱਤੇ ਜੈਫਰੀ ਐਪਸਟਾਈਨ ਮਾਮਲੇ ਨਾਲ ਸਬੰਧਿਤ ਦੋਸ਼ ਲੱਗੇ। ਰਾਜ ਪਰਿਵਾਰ ਦਾ ਮੰਤਵ ਹੈ ਕਿ ਇਸ ਨਾਲ ਰਾਜ ਘਰਾਣੇ ਦੀ ਛਵੀ ਅਤੇ





ਜਨਤਾ ਦਾ ਭਰੋਸਾ ਬਰਕਰਾਰ ਰਹੇ। ਕਿੰਗ ਚਾਰਲਜ਼ ਅਤੇ ਰਾਣੀ ਕਮੀਲਾ ਨੇ ਇਸ ਮਾਮਲੇ ਵਿੱਚ ਆਪਣੀ ਹਮਦਰਦੀ ਸਭ ਪੀੜਤਾਂ ਅਤੇ ਸ਼ਿਕਾਰਾਂ ਦੇ ਨਾਲ ਦਰਸਾਈ।ਪ੍ਰਿੰਸ ਐਂਡਰਿਊ ਨੇ ਆਪਣੇ ਖਿਲਾਫ਼ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਹੈ। ਉਹ ਹੁਣ ਰਾਜ ਪਰਿਵਾਰ ਦੀਆਂ ਜਨਤਕ ਡਿਊਟੀਆਂ ਨਹੀਂ ਨਿਭਾਉਣਗੇ ਅਤੇ ਨਿੱਜੀ ਰਿਹਾਇਸ਼ ਵਿੱਚ ਰਹਿਣਗੇ। ਰਾਇਲ ਲੌਜ, ਜਿਸ ਵਿੱਚ ਉਹ ਕਈ ਸਾਲ ਰਹਿ ਰਹੇ ਸਨ, ਸਿਰਫ਼ ਸਾਲਾਨਾ ਕਿਰਾਏ ‘ਤੇ ਵਰਤ ਰਹੇ ਸਨ। ਹੁਣ ਇਸ ਦੀ ਲੀਜ਼ ਛੱਡਣ ਲਈ ਸਰਕਾਰੀ ਨੋਟਿਸ ਜਾਰੀ ਹੋ ਗਿਆ ਹੈ।ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਬ੍ਰਿਟਿਸ਼ ਰਾਜ ਪਰਿਵਾਰ ਵੱਲੋਂ ਆਪਣੀ ਪ੍ਰਤਿਸ਼ਠਾ ਬਚਾਉਣ ਅਤੇ ਜਨਤਾ ਦਾ ਭਰੋਸਾ ਮੁੜ ਹਾਸਲ ਕਰਨ ਦੀ ਕੋਸ਼ਿਸ਼ ਹੈ।

# ਟਿਪੂ ਸੁਲਤਾਨ ਦੀਆਂ ਪਿਸਟਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪੇਂਟਿੰਗ ਨੇ ਯੂ.ਕੇ ਚ ਨੀਲਾਮੀ ਮੌਕੇ ਬਣਾਇਆ ਨਵਾਂ ਰਿਕਾਰਡ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਸੋਥੇਬੀ ਦੀ “ਆਰਟ ਆਫ਼ ਦੀ ਇਸਲਾਮਿਕ ਵਰਲਡ ਅਤੇ ਇੰਡੀਆ” ਨੀਲਾਮੀ ਵਿੱਚ ਟਿਪੂ ਸੁਲਤਾਨ ਦੀਆਂ ਫਲਿੰਟਲੌਕ ਪਿਸਟਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪੇਂਟਿੰਗ ਨੇ ਯੂ.ਕੇ. ਵਿੱਚ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ। ਟਿਪੂ ਸੁਲਤਾਨ ਦੀਆਂ ਪਿਸਟਲਾਂ £1.1 ਮਿਲੀਅਨ ਵਿੱਚ ਵੇਚੀਆਂ ਗਈਆਂ, ਜੋ ਲਗਭਗ 14 ਗੁਣਾ ਉੱਚੀ ਕੀਮਤ ਹੈ। ਮਹਾਰਾਜਾ ਰਣਜੀਤ ਸਿੰਘ ਦੀ ਪੇਂਟਿੰਗ £952,500 ਵਿੱਚ ਖਰੀਦੀ ਗਈ, ਜੋ ਸਿੱਖ ਕਲਾ ਲਈ ਨਵਾਂ ਉੱਚਾ ਮੁੱਲ ਹੈ। ਟੀਪੂ ਸੁਲਤਾਨ ਦੀਆਂ ਇਹ ਪਿਸਟਲਾਂ 1799 ਦੇ ਸੇਰਿੰਗਾਪਟਮ ਦੇ ਘੇਰਾਬੰਦੀ



ਤੋਂ ਬਾਅਦ ਬ੍ਰਿਟਿਸ਼ ਹੱਥਾਂ ਵਿੱਚ ਆਈਆਂ ਸਨ। ਪੇਂਟਿੰਗ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਦੇ ਬਾਜ਼ਾਰ ਵਿੱਚ ਪ੍ਰਸੈਸ਼ਨ ਕਰਦੇ ਦਿਖਾਇਆ ਗਿਆ ਹੈ, ਜਿਸ ਵਿੱਚ ਉਸਦੇ ਘੋੜੇ, ਹਾਥੀ, ਸੈਨਿਕ ਅਤੇ ਦਰਬਾਰੀਆਂ ਸ਼ਾਮਿਲ ਹਨ।ਸਥੇਬੀ ਨੇ ਦੱਸਿਆ ਕਿ ਨੀਲਾਮੀ ਵਿੱਚ ਲਗਭਗ 20% ਖਰੀਦਦਾਰ ਪਹਿਲੀ ਵਾਰੀ ਇਸ ਹਾਊਸ ਤੋਂ ਸੌਦਾ ਕਰ ਰਹੇ ਸਨ। ਦੋਵੇਂ ਆਈਟਮ ਵਿਸ਼ਵ ਭਰ ਦੇ ਨਿਵੇਸ਼ਕਾਂ ਅਤੇ ਕਲਾਕਾਰਾਂ ਲਈ ਦਿਲਚਸਪੀ ਦਾ ਕੇਂਦਰ ਬਣੇ।ਇਹ ਨੀਲਾਮੀ ਭਾਰਤੀ ਇਤਿਹਾਸਕ ਵਿਰਾਸਤ ਅਤੇ ਰਾਜਨੀਤਿਕ ਮਹੱਤਵ ਵਾਲੀਆਂ ਚੀਜ਼ਾਂ ਲਈ ਆਲਮੀ ਪੱਧਰ ‘ਤੇ ਸਤਿਕਾਰ ਅਤੇ ਕੀਮਤ ਦਿਖਾਉਂਦੀ ਹੈ। ਸਿੱਖ ਕਲਾ ਅਤੇ ਮੈਸੂਰ ਦੀ ਇਤਿਹਾਸਕ ਵਿਰਾਸਤ ਲਈ ਇਹ ਇੱਕ ਮਹੱਤਵਪੂਰਣ ਮੋੜ ਹੈ।

# ਸ਼ਹੀਦੀ ਸਮਾਗਮਾਂ ਨੂੰ ਲੈ ਕੇ ਸੰਗਤਾਂ ਲਈ ਪੁਖਤਾ ਪ੍ਰਬੰਧ ਮੁਕੰਮਲ : ਡੀਸੀ ਵਰਜੀਤ ਵਾਲੀਆ ਰੂਪਨਗਰ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ ( ਜਤਿੰਦਰ ਪਾਲ ਸਿੰਘ ਕਲੇਰ )** ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜਿੱਥੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਵੇਗੀ ਉੱਥੇ ਹੀ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਵੱਡੇ ਪੱਧਰ ਤੇ ਸ਼ਰਧਾ ਪੂਰਵਕ ਅਤੇ ਸਨਮਾਨ ਨਾਲ ਸਮਾਗਮ ਕਰਵਾਏ ਜਾਣਗੇ ਜਿਸ ਵਿੱਚ ਵੱਖ-ਵੱਖ ਥਾਵਾਂ ਤੋਂ ਨਗਰ ਕੀਰਤਨ ਅਤੇ ਸੰਗਤ ਪਹੁੰਚੇਗੀ ਇਸ ਸਬੰਧੀ ਡੀਸੀ ਰੂਪਨਗਰ ਵਰਜੀਤ ਵਾਲੀਆ ਨੇ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਵਲੋਂ ਸਮਾਗਮਾਂ ਦੇ ਪ੍ਰਬੰਧਾਂ ਨੂੰ ਲੈ ਕੇ ਪੂਰੀ ਤਤਪਰ ਹੈ ਰਹਿੰਦੇ ਕੰਮਾਂ ਨੂੰ ਜਲਦ ਨੇਪੜੇ ਚਾੜ੍ਹ ਦਿੱਤਾ ਜਾਵੇਗਾ ਉਹਨਾਂ ਦੱਸਿਆ ਕਿ 400 ਤੋਂ ਵੱਧ ਸੀਸੀਟੀਵੀ ਕੈਮਰਾ ਬੀ ਐਲਈਡੀ ਸਕਰੀਨਾਂ 250 ਤੋਂ ਵੱਧ ਸ਼ਹਿਰ ਵਿੱਚ ਸਪੀਕਰ ਦੀ ਜੋਨਾ ਵਿੱਚ ਪਾਰਕਿੰਗ ਪੁਆਇੰਟ ਅਤੇ



ਸੁਰੱਖਿਆ ਦੇ ਪ੍ਰਬੰਧ ਨੂੰ ਲੈ ਕੇ ਸੀਸੀਟੀਵੀ ਕੈਮਰੇਜ ਤੇ ਸਿਵਲ ਵਰਦੀ ਵਿੱਚ ਵੀ ਪ੍ਰਸ਼ਾਸਨ ਦੀ ਡਿਊਟੀ ਲਗਾਈ ਜਾਵੇਗੀ ਇਸ ਦੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਸਮੁੱਚੇ ਗੁਰੂ ਘਰਾਂ ਨਜ਼ਦੀਕ ਲਾਈਟਾਂ ਸੜਕਾਂ ਸਾਫ ਸਫਾਈ ਦੇ ਸਾਰੇ ਕੰਮ ਪ੍ਰਬੰਧ ਕਰ ਲਏ ਗਏ ਹਨ ਇਸ ਮੌਕੇ ਬੀ ਮਹੱਲਾ ਕਲੀਨਿਕ ਸੈਂਟਰ ਵੀ ਬਣਵਾਏ ਜਾਣਗੇ ਡੀਸੀ ਰੂਪਨਗਰ ਵਰਜੀਤ ਵਾਲੀਆ ਨੇ ਦੱਸਿਆ ਕਿ ਮੁਢਲੀ ਸਹਾਇਤਾ ਦੇਣ ਲਈ ਜਿੱਥੇ ਸਿਹਤ ਵਿਭਾਗ ਵਲੋਂ ਡਾਕਟਰਾਂ ਦੀਆਂ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ ਉੱਥੇ ਹੀ ਸੀਰੀਅਸ ਕੇਸਾਂ ਲਈ ਸ੍ਰੀ ਅਨੰਦਪੁਰ ਸਾਹਿਬ ਅਤੇ ਰੂਪਨਗਰ ਵਿਖੇ ਕ੍ਰਿਟੀਕਲ ਸੈਂਟਰ ਰੋਮ ਬਣਾਏ ਜਾਣਗੇ।

# ਜ਼ਖ਼ਮਾਂ ਤੇ ਮੱਲ੍ਹਮ ਦਾ ਨਾਂਅ ਹੈ ਸਤੀਸ਼ ਕੁਮਾਰ ਲਾਲ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਨਵਾਂਸ਼ਹਿਰ ਅੰਦਰ ਹੱਕ ਸੱਚ ਇਨਸਾਫ਼ ਲਈ ਜਦੋਂ ਵੀ ਕੋਈ ਮੋਰਚਾ ਖੁੱਲ੍ਹਦਾ ਹੈ ਸਤੀਸ਼ ਕੁਮਾਰ ਲਾਲ ਉਸ ਵਿਚ ਆਪਣੀ ਥਾਂ ਮੱਲ ਲੈਂਦਾ ਹੈ।ਲੋਕ ਪੀੜਾਂ ਨੂੰ ਉਹ ਆਪਣੇ ਹੀ ਹਿਰਦੇ ਦੀਆਂ ਪੀੜਾਂ ਸਮਝਦਾ ਹੈ। ਇਸੇ ਲਈ ਉਹ ਜਬਰ ਦੇ ਭੰਨੇ, ਹਾਲਾਤਾਂ ਦੇ ਮਾਰੇ, ਸਿਸਟਮ ਦੇ ਸਤਾਏ ਲੋਕਾਂ ਦੇ ਨਾਲ ਜਾ ਖੜਦਾ ਹੈ।ਉਹ ਪੱਕਾ ਅੰਬੇਡਕਰਵਾਦੀ ਹੈ। ਊਧਮ, ਭਗਤ, ਸਰਾਭੇ ਦੀਆਂ ਕੁਰਬਾਨੀਆਂ ਨੂੰ ਸਿਜਦਾ ਵੀ ਕਰਦਾ ਹੈ। ਸੰਘਰਸ਼ਸ਼ੀਲ ਸਤੀਸ਼ ਕੁਮਾਰ ਲਾਲ ਨੂੰ ਜਦੋਂ ਮੈਂ ਗਾਜ਼ਾ ਦੀ ਤਰਾਸਦੀ ਬਿਆਨ ਕਰਦਾ ਕਾਵਿ ਸੰਗ੍ਰਹਿ 'ਮੈਂ ਗਾਜ਼ਾ ਕਹਿਨਾ ' ਦੇਣ ਗਿਆ ਤਾਂ ਇਸ ਪੁਸਤਕ ਦਾ ਸਰਵਰਕ ਦੇਖਦਿਆਂ ਉਸਦੇ ਕੋਮਲਭਾਵੀ ਮੰਨ ਦਾ ਦਰਦ ਉਸਦੇ ਚਿਹਰੇ ਉੱਤੇ ਸਾਫ ਦੇਖਿਆ ਜਾ ਸਕਦਾ ਸੀ।



ਸਤੀਸ਼ ਕੁਮਾਰ ਲਾਲ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਟਰੱਸਟ ਨਵਾਂਸ਼ਹਿਰ ਦੇ ਪ੍ਰਧਾਨ ਵੀ ਹਨ।ਇਸ ਟਰੱਸਟ ਵਲੋਂ ਹੋਰ ਲੋਕ ਪੱਖੀ ਕਾਰਜ ਕਰਨ ਦੇ ਨਾਲ ਨਾਲ ਇਕ ਸਕੂਲ ਵੀ ਚਲਾਇਆ ਜਾ ਰਿਹਾ ਹੈ।ਟਰੱਸਟ ਦੇ ਭਵਨ ਵਿਚ ਇਕ ਲਾਇਬ੍ਰੇਰੀ ਵੀ ਹੈ।ਮੈਂ ਤਾਂ ਪੁਸਤਕ ਦੀ ਇਕ ਕਾਪੀ ਉਹਨਾਂ ਨੂੰ ਦੇਣ ਗਿਆ ਸੀ ਪਰ ਉਹਨਾਂ ਨੇ ਇਕ ਹੋਰ ਕਾਪੀ ਲੈ ਲਈ ਇਸ ਲਾਇਬ੍ਰੇਰੀ ਲਈ।

# 46ਵੀਆਂ ਮਿੰਨੀ ਪ੍ਰਾਇਮਰੀ ਜਿਲ੍ਹਾ ਪੱਧਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ

- **ਕਬੱਡੀ ਨੈਸ਼ਨਲ ਸਟਾਈਲ ਫਾਈਨਲ ਮੁਕਾਬਲੇ ਵਿੱਚ ਫਗਵਾੜਾ -2 ਨੇ ਕਪੂਰਥਲਾ -2 ਨੂੰ ਦਿੱਤੀ ਸ਼ਿਕਸ਼ਤ**
- **ਵੱਖ ਵੱਖ ਜੇਤੂ ਟੀਮਾਂ, ਖਿਡਾਰੀਆਂ ਤੇ ਟੀਮ ਇੰਚਾਰਜਾਂ ਨੂੰ ਕੀਤਾ ਗਿਆ ਵਿਸ਼ੇਸ਼ ਤੌਰ ਤੇ ਸਨਮਾਨਿਤ**

**ਕਪੂਰਥਲਾ, ( ਕੌੜਾ )–** ਸੰਤ ਬਾਬਾ ਲੀਡਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂਸਰ ਸਾਹਿਬ ਸੈਫਲਾਬਾਦ ਦੇ ਅਸ਼ੀਰਵਾਦ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ) ਕਪੂਰਥਲਾ ਸ੍ਰੀ ਮਤੀ ਮਮਤਾ ਬਜਾਜ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ਡਾ. ਬਲਵਿੰਦਰ ਸਿੰਘ ਬੱਟੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਲਕਸ਼ਦੀਪ ਸ਼ਰਮਾ ਦੀ ਦੇਖ ਰੇਖ ਹੇਠ 46ਵੀਆਂ ਮਿੰਨੀ ਪ੍ਰਾਇਮਰੀ ਜ਼ਿਲ੍ਹਾ ਪੱਧਰੀ ਤਿੰਨ ਰੋਜ਼ਾ ਸਕੂਲ ਖੇਡ ਟੂਰਨਾਮੈਂਟ ਪਿੰਡ ਸੈਫਲਾਬਾਦ ਦੇ ਖੇਡ ਸਟੇਡੀਅਮ ਵਿਖੇ ਅੰਤਿਮ ਦਿਨ ਦਾ ਰਸਮੀ ਉਦਘਾਟਨ ਸੰਤ ਬਾਬਾ ਲੀਡਰ ਸਿੰਘ ਜੀ ਨੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ) ਕਪੂਰਥਲਾ ਸ੍ਰੀ ਮਤੀ ਮਮਤਾ ਬਜਾਜ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ਡਾ. ਬਲਵਿੰਦਰ ਸਿੰਘ ਬੱਟੂ ਅਤੇ ਸਰਪੰਚ ਭਜਨ ਸਿੰਘ ਸੈਫਲਾਬਾਦ ਦੀ ਹਾਜ਼ਰੀ ਦੌਰਾਨ ਰਿਬਨ ਕੱਟ ਕੇ ਕੀਤਾ ਅਤੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਟੂਰਨਾਮੈਂਟ ਦੇ ਅੰਤਿਮ ਦਿਨ ਦੇ ਹੋਏ ਮੁਕਾਬਲਿਆਂ ਵਿੱਚ ਕਬੱਡੀ ਨੈਸ਼ਨਲ ਸਟਾਈਲ (ਲੜਕੇ )ਫਾਈਨਲ ਮੁਕਾਬਲੇ ਵਿੱਚ ਫਗਵਾੜਾ -2 ਨੇ ਕਪੂਰਥਲਾ -2 ਨੂੰ ਹਰਾਇਆ। ਕਬੱਡੀ ਸਰਕਲ ਸਟਾਈਲ ਫਾਈਨਲ (ਲੜਕੇ) ਵਿੱਚ ਨਡਾਲਾ ਨੇ ਕਪੂਰਥਲਾ-1 ਨੂੰ, ਖੋ ਖੋ ਫਾਈਨਲ (ਲੜਕੇ ) ਕਪੂਰਥਲਾ -2 ਨੇ ਮਸੀਤਾਂ ਨੂੰ ਹਰਾਇਆ। ਜਦਕਿ ਰੱਸਾਕੱਸੀ ਦੇ ਮੁਕਾਬਲਿਆਂ ਵਿੱਚ ਨਡਾਲਾ ਦੀ ਟੀਮ ਜੇਤੂ ਰਹੀ । ਇਸ ਤੋਂ ਪਹਿਲਾਂ ਟੂਰਨਾਮੈਂਟ ਦੌਰਾਨ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਬਾਬਾ ਜੈ ਸਿੰਘ ਮਹਿਮਦ-ਵਾਲ ਵਾਲਿਆਂ ਨੇ ਸ਼ਿਰਕਤ ਕੀਤੀ ਤੇ ਵੱਖ ਵੱਖ ਖੇਡਾਂ ਦੀਆਂ ਟੀਮਾਂ ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ । ਇਸ ਦੌਰਾਨ ਉਹਨਾਂ ਨੇ ਫਾਈਨਲ ਦੀਆਂ ਜੇਤੂ ਟੀਮਾਂ ਤੇ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕੀਤੇ। ਟੂਰਨਾਮੈਂਟ ਦੌਰਾਨ ਸਰਪੰਚ ਬਿਕਰਮ ਸਿੰਘ ਉੱਚਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਸਾਬਕਾ ਸਰਪੰਚ ਜਸਵਿੰਦਰ ਸਿੰਘ ਸੈਫਲਾਬਾਦ,ਫਰਦੀਪ ਕੌਰ ਏ ਐੱਸ ਆਈ ਥਾਣਾ ਫੱਤੂਢੀਂਗਾ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਰਪੰਚ ਬਿਕਰਮ ਸਿੰਘ ਉੱਚਾ ਨੇ ਆਪਣੇ ਸੰਬੋਧਨ ਦੌਰਾਨ ਸਿੱਖਿਆ ਵਿਭਾਗ ਦੇ ਖੇਡਾਂ ਸੰਬੰਧੀ ਆਯੋਜਿਤ ਉਕਤ ਟੂਰਨਾਮੈਂਟ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਨਾਲ ਜੋੜਨ ਲਈ ਇਹਨਾਂ ਬੱਚਿਆਂ ਦੇ ਅਧਿਆਪਕ ਵਧਾਈ ਦੇ ਪਾਤਰ ਹਨ।ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ ਤੇ ਸਰਬਜੀਤ ਸਿੰਘ ਭਗਤਪੁਰ ਨੇ ਸਾਂਝੇ ਤੌਰ ਤੇ ਨਿਭਾਈ। ਟੂਰਨਾਮੈਂਟ ਦੇ ਅੰਤਿਮ ਦਿਨ ਫਾਈਨਲ ਦੇ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਤੇ ਟੀਮਾਂ ਨੂੰ ਸੰਤ ਬਾਬਾ ਲੀਡਰ ਸਿੰਘ, ਬਾਬਾ ਜੈ ਸਿੰਘ ਮਹਿਮਦਵਾਲ ਵਾਲਿਆਂ ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ,ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ, ਸਰਪੰਚ ਭਜਨ ਸਿੰਘ, ਮਨਜੀਤ ਸਿੰਘ ਫੰਭਰ ਦੁਆਰਾ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਪੂਰਥਲਾ - 1 ਰਜੇਸ਼ ਕੁਮਾਰ , ਬੀ ਪੀ ਈ ਓ ਕਪੂਰਥਲਾ - 2 ਸੰਜੀਵ ਕੁਮਾਰ ਹਾਂਡਾ ਸਰਪੰਚ ਭਜਨ ਸਿੰਘ ,ਚਰਨ ਸਿੰਘ ਕਲੱਬ ਪ੍ਰਧਾਨ, ਨੰਬਰਦਾਰ ਸਤਨਾਮ ਸਿੰਘ, ਮੌਲਵੀ ਅਹਿਮਦ ,ਮਨਜੀਤ ਸਿੰਘ ਫੰਭਰ , ਹਰਮੇਸ਼ ਸਿੰਘ, ਸ਼ਰਨਜੀਤ ਕੌਰ, ਸ਼ਿਗਾਰਾ ਸਿੰਘ, ਭਜਨ ਸਿੰਘ, ਬੀਬੀ ਸੁਖਵੰਤ ਕੌਰ, ਜੋਗਿੰਦਰ ਸਿੰਘ,ਜੈਮਲ ਸਿੰਘ, ਬਿਕਰਮਜੀਤ ਸਿੰਘ, ਦਵਿੰਦਰ ਸਿੰਘ,ਮੇਜਰ ਸਿੰਘ ਬੀ ਐੱਸ ਓ, ਲਕਸ਼ਦੀਪ ਸ਼ਰਮਾ ਜ਼ਿਲ੍ਹਾ ਖੇਡ ਕੋਆਰਡੀਨੇਟਰ, ਰਛਪਾਲ ਸਿੰਘ ਵੜੈਚ, ਰੌਸ਼ਨ ਲਾਲ,ਗੁਰਮੁੱਖ ਸਿੰਘ ਬਾਬਾ ਸਟੇਟ ਐਵਾਰਡੀ,ਮੁਨੱਜਾ ਇਰਸ਼ਾਦ, ਮਨਦੀਪ ਕੌਰ, ਕੁਲਦੀਪ ਕੌਰ, ਸੁਖਪਾਲ ਸਿੰਘ,ਹਰਜਿੰਦਰ ਸਿੰਘ, ਸਰਬਜੀਤ ਕੌਰ, ਕੋਮਲਪ੍ਰੀਤ ਕੌਰ, ਬਲਜੀਤ ਸਿੰਘ,ਕੁਲਬੀਰ ਸਿੰਘ, ਹਰਵਿੰਦਰਜੀਤ ਕੌਰ, ਬਲਜੀਤ ਕੌਰ ਬਿਧੀਪੁਰ, ਨਿੰਮੀ ਰਾਣੀ, ਬਖਸ਼ੀਸ਼ ਸਿੰਘ, ਜਸਵਿੰਦਰ ਸਿੰਘ ਸ਼ਿਕਾਰਪੁਰ, ਸੁਖਨਿੰਦਰ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ ਵਿਰਦੀ, ਮਨਜਿੰਦਰ ਸਿੰਘ ਠੱਟਾ, ਸਤਵਿੰਦਰ ਕੌਰ,ਪੰਕਜ ਮਰਵਾਹਾ, ਮੇਜਰ ਸਿੰਘ ਖੱਸਣ,ਭਗਤ ਫਗਵਾੜਾ, ਰਵੀ ਵਾਹੀ, ਸੀ ਐੱਚ ਟੀ, ਅਮਨਦੀਪ ਸਿੰਘ ਖਿੰਡਾ, ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ,ਪਵਨ ਕੁਮਾਰ ਜੋਸ਼ੀ ਬੀ ਆਰ ਸੀ, ਰਾਮ ਸਿੰਘ ਸੀ ਐੱਚ ਟੀ, ਬਰਿੰਦਰ ਮਾਨ ਮੁਹੱਬਲੀਪੁਰ, ਗੁਰਪ੍ਰੀਤ ਸਿੰਘ ਬੀ ਆਰ ਸੀ,ਤਜਿੰਦਰ ਸਿੰਘ ਅਲੌਦੀਪੁਰ, ਅੰਮ੍ਰਿਤਪਾਲ ਸਿੰਘ , ਜਸਪਾਲ ਸਿੰਘ ਜੱਸਾ,ਮਨਪ੍ਰੀਤ ਕੌਰ ਧਾਲੀਵਾਲ ਦੋਨੋਂ, ਰਾਜਵਿੰਦਰ ਕੌਰ, ਹਰਜੀਤ ਕੌਰ, ਸੁਖਦੇਵ ਸਿੰਘ, ਪਰਮਿੰਦਰ ਸਿੰਘ, ਜਗਜੀਤ ਸਿੰਘ,ਮਨਜੀਤ ਸਿੰਘ, ਕੁਲਵਿੰਦਰ ਸਿੰਘ ਦੁਰਗਾਪੁਰ, ਜੋਗਿੰਦਰ ਸਿੰਘ ਸਾਬਕਾ ਜ਼ਿਲ੍ਹਾ ਕੋਆਰਡੀਨੇਟਰ ਖੇਡਾਂ, ਬਲਜੀਤ ਸਿੰਘ ਬੱਬਾ ਸੇਵਾ ਮੁਕਤ ਅਧਿਆਪਕ,ਪਲਵਿੰਦਰ ਕੌਰ, ਮਨਜਿੰਦਰ ਕੌਰ, ਸੁਨੀਤਾ ਰਾਣੀ, ਦਲਜੀਤ ਸਿੰਘ ਸੈਣੀ, ਪਰਮਜੀਤ ਚੋਹਾਨ, ਸਤਨਾਮ ਸਿੰਘ ਪਰਮਾਰ, ਪ੍ਰਿਆ, ਪ੍ਰਿਯੰਕਾ, ਰੁਪਿੰਦਰ ਕੌਰ, ਦਲਜੀਤ ਸਿੰਘ ਆਦਿ ਤੋਂ ਇਲਾਵਾ ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ, ਮੈਂਬਰ, ਟੀਮ ਕਨਵੀਨਰ ਟੀਮਾਂ ਦੇ ਕੋਚ ਅਤੇ ਸੈਂਟਰ ਹੈੱਡ ਟੀਚਰ ਹਾਜ਼ਰ ਸਨ ।



**ਸੈਫਲਾਬਾਦ ਵਿਖੇ ਸ਼ੁਰੂ ਹੋਈਆਂ 46ਵੀਆਂ ਮਿੰਨੀ ਪ੍ਰਾਇਮਰੀ ਜ਼ਿਲ੍ਹਾ ਪੱਧਰੀ ਖੇਡ ਟੂਰਨਾਮੈਂਟ ਦੀਆਂ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਨ ਉਪਰੰਤ।**

# ਓਵਰਆਲ ਚੈਂਪੀਅਨ ਬਣਨ 'ਤੇ 'ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀ ਕਲਾਕਾਰਾਂ ਤੇ ਅਧਿਆਪਕਾਂ ਦਾ ਸਨਮਾਨ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ )** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਆਯੋਜਿਤ ਕੀਤੇ ਗਏ ਜ਼ੋਨਲ ਯੂਥ ਫੈਸਟੀਵਲ 'ਚ ਲਗਾਤਾਰ ਪੰਜਵੀਂ ਵਾਰ ਓਵਰਆਲ ਚੈਂਪੀਅਨ ਬਣਨ ਦੀ ਖੁਸ਼ੀ ਵਿੱਚ ਕਲਾ ਤੇ ਸੱਭਿਆਚਾਰ ਵਿਭਾਗ ਵੱਲੋਂ ਕਾਲਜ ਦੇ ਵਿਦਿਆਰਥੀ ਕਲਾਕਾਰਾਂ, ਕੋਚਾਂ ਤੇ ਇੰਚਾਰਜ ਅਧਿਆਪਕ ਸਾਹਿਬਾਨ ਲਈ ਸਨਮਾਨ ਸਮਾਗਮ ਕੀਤਾ ਗਿਆ। ਇਸ ਮੌਕੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਯੂਥ ਫੈਸਟੀਵਲ ਦੌਰਾਨ ਰਿਕਾਰਡ 114 ਅੰਕਾਂ ਨਾਲ ਕਾਲਜ ਲਈ ਪੰਜਵੀਂ ਵਾਰ ਓਵਰਆਲ ਟਰਾਫ਼ੀ ਜਿੱਤ ਕੇ ਵਿਦਿਆਰਥੀਆਂ ਤੇ ਸੰਬੰਧਿਤ ਅਧਿਆਪਕਾਂ ਨੇ ਮਾਣਮੱਤਾ ਇਤਿਹਾਸ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਕਲਾਕਾਰ ਵਿਦਿਆਰਥੀਆਂ ਨੂੰ ਯੂਥ ਫੈਸਟੀਵਲ ਦਾ ਮੰਚ ਪ੍ਰਦਾਨ ਕਰਨਾ ਸਾਡਾ ਫਰਜ਼ ਹੈ ਜਿਸ ਨਾਲ ਉਹ ਕਾਲਜ ਦਾ ਤਾਂ ਨਾਂ ਚਮਕਾ ਹੀ ਰਹੇ ਹਨ ਨਾਲ ਉਹ ਆਪਣੇ ਰੌਸ਼ਨ ਭਵਿੱਖ ਵੱਲ ਵੀ ਕਦਮ ਪੁੱਟ ਰਹੇ ਹਨ। ਯੂਥ ਫੈਸਟੀਵਲ ਦੀਆਂ ਭਾਗੀਦਾਰ ਟੀਮਾਂ ਦੀ ਅਗਵਾਈ ਡਾ. ਗੁਰਵਿੰਦਰ ਸਿੰਘ (ਡੀਨ ਕਲਚਰਲ) ਤੇ ਡਿਪਟੀ ਡੀਨ ਮਨਮੰਤ ਸਿੰਘ ਲਾਇਬ੍ਰੇਰੀਅਨ ਨੇ ਕੀਤੀ। ਡਾ. ਗੁਰਵਿੰਦਰ ਸਿੰਘ ਨੇ ਇਸ ਪ੍ਰਾਪਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਮੇਜ਼ਬਾਨੀ ਕਾਲਜ ਹੋਣ ਕਰਕੇ ਸਬੰਧਿਤ ਅਧਿਆਪਕ ਸਾਹਿਬਾਨ ਨੂੰ ਆਪਣੀਆਂ ਟੀਮਾਂ ਨੂੰ ਸਮਾਂ ਦੇਣ ਲਈ ਕਠਿਨ ਮਿਹਨਤ ਕਰਨੀ ਪਈ ਤੇ ਉਨ੍ਹਾਂ ਦੀ ਕਰੜੀ ਮਿਹਨਤ ਦਾ ਸਿੱਟਾ ਹੈ ਜਿਸ ਨਾਲ ਅਸੀਂ ਪੰਜਵੀਂ ਵਾਰ ਓਵਰਆਲ ਚੈਂਪੀਅਨ ਦਾ ਖ਼ਿਤਾਬ ਜਿੱਤ ਸਕੇ ਹਾਂ। ਇਸ ਦੌਰਾਨ ਲਿਟਰੇਰੀ ਟੀਮਾਂ ਲਈ ਡਾ. ਨਿਰਮਲਜੀਤ ਕੌਰ,ਡਾ. ਕੁਮਾਰੀ ਸਿਖਾ,ਪ੍ਰੋ. ਕਿਸ਼ੋਰ ਕੁਮਾਰ,ਸੰਗੀਤ ਲਈ ਪ੍ਰੋ. ਸ਼ਾਮ ਸਿੰਘ,ਫਾਈਨ ਆਰਟਸ ਲਈ ਪ੍ਰੋ. ਦਿਲਨਵਾਜ਼,ਫੈਂਸੀ ਡਰੈੱਸ ਲਈ ਪ੍ਰੋ. ਨੀਲਮ,ਥੀਏਟਰ ਲਈ ਪ੍ਰੋ. ਮਨੀਸ਼ ਸੰਧੀਰ, ਭੰਗੜੇ ਲਈ ਸ.ਮਨਮੰਤ ਸਿੰਘ ਲਾਇਬ੍ਰੇਰੀਅਨ ਤੇ ਭੰਗੜਾ ਕੋਚ ਉਸਤਾਦ ਪਵਨ ਕੁਮਾਰ, ਲੁੱਡੀ ਲਈ ਸਿਮਰਨਜੀਤ ਕੌਰ ਸਿਆਣ,ਥੀਏਟਰ ਕੋਚ ਜ਼ੋਰਾਵਰ ਸਿੰਘ ਤੇ ਰਾਗੀ ਗੁਰਪ੍ਰੀਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਫੁੱਲਾਂ ਦੇ ਹਾਰ ਪਹਿਨਾ ਕੇ ਸਨਮਾਨ ਕੀਤਾ ਗਿਆ।ਸਮਾਰੋਹ ਤੋਂ ਪਹਿਲਾਂ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨਤਮਸਤਕ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਤੇ ਅਗਲੇ ਮੁਕਾਬਲਿਆਂ ਲਈ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਪ੍ਰੋਗਰਾਮ ਦੌਰਾਨ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਯੂਥ ਫੈਸਟੀਵਲ ਸੰਬੰਧੀ ਆਪਣੇ ਤਜ਼ਰਬੇ ਅਤੇ ਜਜ਼ਬਾਤ ਸਾਂਝੇ ਕਰਦਿਆਂ ਮੰਚ ਤੋਂ ਹਾਜ਼ਰੀ ਲਗਵਾਈ ਤੇ ਨਿਊਜ਼ੀਲੈਂਡ ਗਏ ਆਪਣੇ ਅਧਿਆਪਕ ਪ੍ਰੋ. ਗੁਰਪ੍ਰੀਤ ਸਿੰਘ ਵੱਲੋਂ ਉੱਥੇ ਬੈਠਿਆਂ ਕੀਤੇ ਯਤਨਾਂ ਲਈ ਉਨ੍ਹਾਂ ਦਾ ਖਾਸ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਪ੍ਰੋ. ਤਜਿੰਦਰ ਸਿੰਘ ਵੱਲੋਂ ਬਾਖੂਬੀ ਕੀਤਾ ਗਿਆ। ਇਸ ਖੁਸ਼ੀ ਮੌਕੇ ਸਾਰਿਆਂ ਦਾ ਮੂੰਹ ਕਰਵਾਇਆ ਗਿਆ ਤੇ ਚਾਹ ਪਾਰਟੀ ਵੀ ਦਿੱਤੀ ਗਈ। ਇਸ ਮੌਕੇ ਡਾ. ਇੰਦੂ ਰੱਤੀ, ਪਰਮਜੀਤ ਸਿੰਘ ਸੁਪ੍ਰਿੰਟੈਂਡੈਂਟ ਅਤੇ ਸਮੂਹ ਵਿਦਿਆਰਥੀ ਕਲਾਕਾਰ ਹਾਜ਼ਰ ਸਨ।



# ਪਰਾਲੀ ਸਾੜਨ ਦੇ ਮਾਮਲਿਆਂ 'ਚ ਦੋ ਕਿਸਾਨਾਂ ਨੂੰ ਲਾਇਆ ਵਾਤਾਵਰਨ ਮੁਆਵਜਾ

## ਇੱਕ ਕਿਸਾਨ 'ਤੇ ਐਫ.ਆਈ.ਆਰ. ਦਰਜ, ਫਰਦ 'ਚ ਲਾਲ ਐਂਟਰੀਆਂ ਦੀ ਪ੍ਰਕਿਰਿਆ ਸ਼ੁਰੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨਾ ਸਾੜਨ ਲਈ ਪਿੰਡ-ਪਿੰਡ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਜਨਤਕ ਹਿੱਤਾਂ ਦੇ ਮੱਦੇਨਜ਼ਰ ਜਾਰੀ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸਾਨਾਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹੋਏ ਸਖਤੀ ਵਰਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ ਦੋ ਕਿਸਾਨਾਂ 'ਤੇ ਕੁੱਲ 15,000 ਰੁਪਏ ਦਾ ਵਾਤਾਵਰਣ ਮੁਆਵਜਾ ਲਗਾਇਆ ਗਿਆ ਹੈ ਅਤੇ ਇਨ੍ਹਾਂ ਕਿਸਾਨਾਂ ਦੀ ਫਰਦ ਵਿੱਚ ਲਾਲ ਐਂਟਰੀ ਦੇ ਨਾਲ-ਨਾਲ ਐਫ.ਆਈ.ਆਰ. ਦਰਜ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਗਈ ਹੈ। ਵਧੀਕ



ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਖੇਤੀਬਾੜੀ ਅਤੇ ਹੋਰਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਖੇਤਾਂ ਵਿੱਚ ਪਰਾਲੀ ਪ੍ਰਬੰਧਨ ਦੀ ਸਮੀਖਿਆ ਕਰਦਿਆਂ ਕਿਹਾ ਕਿ ਸਬ ਡਿਵੀਜ਼ਨਾਂ ਵਿੱਚ ਐਸ.ਡੀ.ਐਮਜ਼ ਅਤੇ ਡੀ.ਐਸ.ਪੀਜ਼ ਨੂੰ ਫੀਲਡ ਵਿੱਚ ਸਾਂਝੀ ਗਸ਼ਤ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਤਾਂ ਜੋ ਝੋਨੇ ਦੀ ਪਰਾਲੀ ਜਾਂ ਨਾੜ ਨੂੰ ਅੱਗ ਲੱਗਣ ਦੀ ਕਿਸੇ ਵੀ ਘਟਨਾ 'ਤੇ ਨਜ਼ਰ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਖੇਤਾਂ ਵਿੱਚ ਪਰਾਲੀ ਸਾੜਨ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਨਿਰਦੇਸ਼ਾਂ ਮੁਤਾਬਕ ਬਣਦੀ ਕਾਰਵਾਈ ਯਕੀਨਣ ਅਮਲ ਵਿੱਚ ਲਿਆਂਦੀ ਜਾਵੇਗੀ। ਅਵਨੀਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਵੇ ਅਤੇ ਮਸ਼ੀਨਰੀ ਦੀ ਵਰਤੋਂ ਕਰਕੇ ਖੇਤਾਂ ਵਿੱਚ ਹੀ ਸੁਚੱਜੇ ਪ੍ਰਬੰਧਨ ਨੂੰ ਯਕੀਨੀ ਬਣਾਵੇ। ਮੁੱਖ ਖੇਤੀਬਾੜੀ ਅਫਸਰ ਡਾ ਰਾਕੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਜਿਲੇ ਵਿੱਚ 2700 ਤੋਂ ਵੱਧ ਪਰਾਲੀ ਪ੍ਰਬੰਧਨ ਦੀਆਂ ਮਸ਼ੀਨਾਂ ਉਪਲਬਧ ਹਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਆਈ.ਈ.ਸੀ. ਸਰਗਰਮੀਆਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ 'ਤੇ ਉਪ ਮੰਡਲ ਮਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ ਪੀ.ਸੀ.ਐਸ., ਉਪ ਮੰਡਲ ਮਜਿਸਟਰੇਟ ਬੰਗਾ ਵਿਪਿਨ ਭੰਡਾਰੀ, ਡੀ.ਐਸ.ਪੀ. ਰਾਜ ਕੁਮਾਰ, ਇੰਜੀਨੀਅਰ ਚੰਦਨ ਸ਼ਰਮਾ, ਡਾ ਕਮਲਦੀਪ ਸਿੰਘ ਸੰਘਾ ਆਦਿ ਹਾਜਰ ਸਨ।

# ਕਰਤਾਰ ਕਾਨਵੈਂਟ ਸਕੂਲ 'ਚ ਬੱਚਿਆਂ ਦਾ ਡਰਾਇੰਗ ਮੁਕਾਬਲਾ ਕਰਵਾਇਆ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, 33 ਫੁੱਟ ਰੋਡ, ਲੁਧਿਆਣਾ ਵਿਖੇ ਅੱਜ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਦੇ ਡਰਾਇੰਗ ਮੁਕਾਬਲਾ ਕਰਵਾਏ ਗਏ । ਬੱਚਿਆਂ ਨੇ ਇੱਕ ਤੋਂ ਇੱਕ ਵਧੀਆ ਚਿੱਤਰ ਬਣਾਏ । ਇਸ ਮੁਕਾਬਲੇ ਵਿੱਚ 52 ਬੱਚਿਆਂ ਨੇ ਭਾਗ ਲਿਆ । ਇਸ ਮੁਕਾਬਲੇ ਵਿੱਚ ਸ਼ੁਭਮ ਵਿਰਦੀ ਨੇ ਪਹਿਲਾ ਅਤੇ ਰੀਤਿਕਾ ਅਨੰਨਿਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ । ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ।

for more news visit:
www.samajweekly.com

# ਸੇਵਾ ਕੇਂਦਰਾਂ 'ਚ ਮਿਲਣਗੀਆਂ ਆਰ.ਟੀ.ਓ ਦਫਤਰ ਨਾਲ ਸਬੰਧਤ 56 ਸੇਵਾਵਾਂ – ਅਮਨਦੀਪ ਕੌਰ

## ਆਰ.ਟੀ.ਓ ਹੁਸ਼ਿਆਰਪੁਰ ਨੇ ਜ਼ਿਲ੍ਹਾ ਵਾਸੀਆਂ ਨੂੰ ਫੇਸਲੈਸ ਆਰ.ਟੀ.ਓ ਸੇਵਾਵਾਂ ਦੇ ਬਾਰੇ 'ਚ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰਿਜਨਲ ਟਰਾਂਸਪੋਰਟ ਅਫ਼ਸਰ ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਦੀ ਸਹੂਲਤ ਲਈ ਫੇਸਲੈੱਸ ਆਰ.ਟੀ. ਓ ਸੇਵਾਵਾਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਵਿੱਚ ਹੁਣ ਵਿਭਾਗ ਨਾਲ ਸਬੰਧਤ 56 ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਰ.ਟੀ.ਓ ਹੁਸ਼ਿਆਰਪੁਰ ਨੇ ਦੱਸਿਆ ਕਿ ਡਰਾਈਵਿੰਗ ਲਾਇਸੈਂਸ ਅਤੇ



ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ ਨਾਲ ਸਬੰਧਤ ਕੁੱਲ 56 ਪ੍ਰਮੁੱਖ ਸੇਵਾਵਾਂ ਨੂੰ ਹੁਣ ਪੂਰੀ ਤਰ੍ਹਾਂ ਫੇਸਲੈੱਸ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਜ਼ਿਲ੍ਹੇ ਵਿੱਚ ਸਥਾਪਿਤ ਸੇਵਾ ਕੇਂਦਰਾਂ ਰਾਹੀਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਨਾਗਰਿਕ ਡਰਾਈਵਿੰਗ ਲਾਇਸੈਂਸ ਜਾਂ ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਲਈ ਖੁਦ ਵੀ ਆਨਲਾਈਨ ਅਰਜ਼ੀ ਦੇ ਸਕਦੇ ਹਨ ਅਤੇ ਸੇਵਾ ਕੇਂਦਰਾਂ ਰਾਹੀਂ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹਨ। ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਹੁਣ ਜ਼ਿਲ੍ਹੇ ਦੇ ਵਸਨੀਕਾਂ ਨੂੰ ਆਰ.ਟੀ.ਓ ਦਫਤਰ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਸੇਵਾਵਾਂ ਜ਼ਿਲ੍ਹੇ ਵਿੱਚ ਸਥਾਪਿਤ ਸੇਵਾ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਇਨ੍ਹਾਂ ਕੇਂਦਰਾਂ ਦੇ ਸਟਾਫ਼ ਨੂੰ ਸਹੀ ਢੰਗ ਨਾਲ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਸਮੱਸਿਆ ਵਿੱਚ ਕਿਸੇ ਵੀ ਵਿਅਕਤੀ ਦੀ ਸਹਾਇਤਾ ਲਈ ਆਰ.ਟੀ.ਓ ਦਫ਼ਤਰ ਵਿਖੇ ਇੱਕ ਹੈਲਪਡੈਸਕ ਸਥਾਪਤ ਕੀਤਾ ਗਿਆ ਹੈ।

# ਪ੍ਰਿੰਸ ਐਂਡਰਿਊ ਨੇ ਰਾਜਸੀ ਉਪਾਧੀਆਂ ਦੀ ਵਰਤੋਂ ਛੱਡੀ

**ਲੈਸਟਰ (ਇੰਗਲੈਂਡ)** (ਸੁਖਜਿੰਦਰ ਸਿੰਘ ਢੱਡੇ)— ਬ੍ਰਿਟੇਨ ਦੇ ਰਾਜ ਘਰਾਣੇ ਲਈ ਵੱਡੇ ਬਦਲਾਅ ਦੇ ਸੰਕੇਤ ਦਿੰਦੇ ਹੋਏ, ਕਿੰਗ ਚਾਰਲਜ਼ ਤੀਜੇ ਦੇ ਛੋਟੇ ਭਰਾ ਪ੍ਰਿੰਸ ਐਂਡਰਿਊ ਨੇ ਐਲਾਨ ਕੀਤਾ ਹੈ ਕਿ ਉਹ ਆਪਣੀਆਂ ਰਾਜਸੀ ਉਪਾਧੀਆਂ,ਡਿਊਕ ਆਫ਼ ਯਾਰਕ, ਅਰਲ ਆਫ਼ ਇਨਵਰਨੈਸ ਅਤੇ ਬੈਰਨ ਕਿਲੀਲੀਘ, ਦੀ ਵਰਤੋਂ ਤੁਰੰਤ ਰੋਕ ਛੱਡ ਰਹੇ ਹਨ। ਇਹ ਫੈਸਲਾ ਉਨ੍ਹਾਂ ਨੇ ਰਾਜ ਪਰਿਵਾਰ ਨਾਲ ਸਲਾਹ ਕਰਕੇ ਲਿਆ ਹੈ। ਐਂਡਰਿਊ ਨੇ ਕਿਹਾ ਕਿ ਉਨ੍ਹਾਂ ਉੱਤੇ ਲੱਗੇ ਦੋਸ਼ਾਂ ਨੇ ਰਾਜ ਪਰਿਵਾਰ ਦੇ ਕੰਮ ਅਤੇ ਜਨਤਕ ਧਿਆਨ ਨੂੰ ਪ੍ਰਭਾਵਿਤ ਕੀਤਾ ਹੈ, ਇਸ ਲਈ ਉਨ੍ਹਾਂ ਨੇ ਇਹ ਕਦਮ "ਪਰਿਵਾਰ ਅਤੇ ਦੇਸ਼ ਦੀ ਭਲਾਈ ਲਈ" ਚੁਣਿਆ।ਇਹ ਕਦਮ



ਜੈਫਰੀ ਐਪਸਟਾਈਨ ਮਾਮਲੇ ਅਤੇ ਵਰਜਿਨੀਆ ਜਿਊਫਰੇ ਵੱਲੋਂ ਲਗੇ ਜਿਨਸੀ ਦੁਰਵਿਵਹਾਰ ਦੇ ਦੋਸ਼ਾਂ ਤੋਂ ਬਾਅਦ ਚੁੱਕਿਆ ਹੈ, ਜਿਨ੍ਹਾਂ ਨਾਲ ਐਂਡਰਿਊ ਦੀ ਛਵੀ ਨੂੰ ਕਾਫ਼ੀ ਨੁਕ-ਸਾਨ ਹੋਇਆ ਸੀ। ਬਹੁਤ ਸਮੇਂ ਤੋਂ ਰਾਜ ਪਰਿਵਾਰ ਅਤੇ ਸਰਕਾਰ ਉੱਤੇ ਦਬਾਅ ਸੀ ਕਿ ਉਹ ਰਾਜਸੀ ਮਰਿਆਦਾ ਅਤੇ ਜਨਤਕ ਭਰੋਸੇ ਨੂੰ ਕਾਇਮ ਰੱਖਣ ਲਈ ਕੁਝ ਕਰਨ।ਹਾਲਾਂਕਿ, ਇਹ ਉਪਾਧੀਆਂ ਅਜੇ ਕਾਨੂੰਨੀ ਤੌਰ 'ਤੇ ਹਟਾਈਆਂ ਨਹੀਂ ਗਈਆਂ, ਕਿਉਂਕਿ ਇਸ ਲਈ ਸੰਸਦ ਦੀ ਮਨਜ਼ੂਰੀ ਲੋੜੀਂਦੀ ਹੈ। ਐਂਡਰਿਊ ਦਾ ਇਹ ਕਦਮ ਰਾਜ ਪਰਿਵਾਰ ਵੱਲੋਂ ਆਪਣੀ ਪ੍ਰਤਿਸ਼ਠਾ ਬਚਾਉਣ ਅਤੇ ਜਨਤਾ ਦੇ ਭਰੋਸੇ ਨੂੰ ਮੁੜਬ ਬੇ ਹਾਸਲ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕ ਕਹਿੰਦੇ ਹਨ ਕਿ ਇਹ ਘਟਨਾ ਬ੍ਰਿਟਿਸ਼ ਰਾਜ ਘਰਾਣੇ ਵਿੱਚ ਜ਼ਿੰਮੇਵਾਰੀ ਅਤੇ ਨੈਤਿਕ ਮਾਪਦੰਡਾਂ ਬਾਰੇ ਨਵਾਂ ਸੁਨੇਹਾ ਦਿੰਦੀ ਹੈ।ਇਹ ਘੋਸ਼ਣਾ ਇਸ ਗੱਲ ਦਾ ਸੰਕੇਤ ਹੈ ਕਿ ਰਾਜ ਪਰਿਵਾਰ ਹੁਣ ਜਨਤਕ ਉਮੀਦਾਂ ਦੇ ਮੁਤਾਬਕ ਆਪਣੀ ਛਵੀ ਸਾਫ਼ ਕਰਨ ਅਤੇ ਭਰੋਸੇਮੰਦ ਪ੍ਰਬੰਧ ਦੀ ਨਵੀਂ ਸ਼ੁਰੂਆਤ ਕਰਨਾ ਚਾਹੁੰਦਾ ਹੈ।

# ਬਸਪਾ ਪੰਜਾਬ ਦੀ ਮੀਟਿੰਗ ਪਾਰਟੀ ਦਫਤਰ ਜਲੰਧਰ ਵਿਖੇ ਹੋਈ







**ਜਲੰਧਰ ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਪੰਜਾਬ ਬਸਪਾ ਦੀ ਮੀਟਿੰਗ ਪਾਰਟੀ ਦਫਤਰ ਜਲੰਧਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਭਵਨ ਵਿਖੇ ਕੀਤੀ ਗਈ ਜਿਸ ਵਿੱਚ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਪਾਰਟੀ ਦੇ ਕੇਂਦਰੀ ਕੋਆਰਡੀਨੇਟਰ ਇਨਚਾਰਜ ਪੰਜਾਬ ਹਰਿਆਣਾ ਚੰਡੀਗੜ੍ਹ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਪ੍ਰਤਾਪ ਸਿੰਘ ਜੀ ਕੇਂਦਰੀ ਇੰਚਾਰਜ ਬਸਪਾ ਪੰਜਾਬ ਸ੍ਰੀ ਪ੍ਰਤਾਪ ਸਿੰਘ ਜੀ ਦੀ ਨਿਯੁਕਤੀ ਤੇ ਪੰਜਾਬ ਬਸਪਾ ਵੱਲੋਂ ਭੈਣ ਕੁਮਾਰੀ ਮਾਇਆਵਤੀ ਜੀ ਰਾਸ਼ਟਰੀ ਪ੍ਰਧਾਨ ਬਸਪਾ ਸਾਬਕਾ ਮੁੱਖ ਮੰਤਰੀ ਜੀ ਦਾ ਅਤੇ ਬੈਨੀਵਲ ਜੀ ਦਾ ਧੰਨਵਾਦ ਕੀਤਾ ਗਿਆ ਅਤੇ ਸ੍ਰੀ ਪ੍ਰਤਾਪ ਸਿੰਘ ਜੀ ਨੂੰ ਨੂੰ ਜੀ ਆਇਆ ਕਿਹਾ ਗਿਆ ਅਤੇ ਸਵਾਗਤ ਕੀਤਾ ਗਿਆ, ਮੀਟਿੰਗ ਦੀ ਪ੍ਰਧਾਨਗੀ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਇੰਚਾਰਜ ਚੰਡੀਗੜ੍ਹ ਜੀ ਨੇ ਕੀਤੀ,ਇਸ ਮੌਕੇ ਪਾਰਟੀ ਤੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਸਟੇਟ ਕੁਆਰਡੀਨੇਟਰ ਸਟੇਟ ਕੋਆਰਡੀਨੇਟਰ ਪਰਜਾਪਤੀ ਅਜੀਤ ਸਿੰਘ ਭੈਣੀ ਜੀ, ਸਟੇਟ ਕੁਆਰਡੀਨੇਟਰ ਕੁਲਦੀਪ ਸਿੰਘ ਸਰਦੂਲਗੜ ਜੀ, ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਜੀ,ਸਟੇਟ ਕੋਆਰਡੀਨੇਟਰ ਤੀਰਥ ਰਾਜਪਰਾ ਮਹਿਰਾ ਜੀ ਤੋ ਇਲਾਵਾ ਪਾਰਟੀ ਦੀ ਸਟੇਟ ਲੀਡਰਸ਼ਿਪ ਜਿਲਾ ਲੀਡਰਸ਼ਿਪ ਅਤੇ ਵਿਧਾਨ ਸਭਾ ਦੇ ਪ੍ਰਧਾਨ ਬਾਮਸੇਫ ਦੀ ਜੋਨ ਅਤੇ ਵਿਧਾਨ ਸਭਾ ਬਹੁਜਨ ਵਲੰਟੀਅਰ ਫੋਰਸ ਦੇ ਵਰਕਰ ਵੀ ਹਾਜ਼ਰ ਸਨ ਇਸ ਮੌਕੇ ਤੇ ਪੰਜਾਬ ਸੰਭਾਲੋ ਮਹਿਮ ਦੇ ਪਹਿਲੇ ਪੜਾ ਦੀ ਸਫਲਤਾ ਲਈ ਲੀਡਰਸ਼ਿਪ ਅਤੇ ਵਰਕਰਾਂ, ਪੰਜਾਬੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਪੰਜਾਬ ਸੰਭਾਲੋ ਮਹਿਮ ਦੇ ਦੂਜੇ ਪੜਾਅ ਦਾ ਐਲਾਨ ਕੀਤਾ ਗਿਆ ਪਾਰਟੀ ਵੱਲੋ ਪਿੰਡ ਪਿੰਡ ਮਹੱਲਿਆਂ ਚ ਸ਼ਹਿਰਾਂ ਚ ਚਾਹ ਤੇ ਚਰਚਾ ਬੱਸ ਅੱਡਿਆਂ ਤੇ ਚਰਚਾ ਪਿੱਪਲਾਂ ਬੋੜਾਂ ਥੱਲੇ ਚਰਚਾ ਮਜ਼ਦੂਰਾਂ ਕਿਸਾਨਾਂ ਦਲਤਾਂ ਪਛੜਿਆਂ ਕਾਰੋਬਾਰੀਆਂ ਨਾਲ ਚਰਚਾ ਕਰਕੇ ਪੰਜਾਬ ਸੰਭਾਲੋ ਮਹਿਮ ਨੂੰ ਅਵਾਮ ਦੀ ਮਹਿਮ ਬਣਾਇਆ ਜਾਊਗਾ। ਅਤੇ ਪੰਜਾਬ ਦਾ ਸੰਕਲਪ ਬਸਪਾ ਹੀ ਵਿਕਲਪ, 'ਬਦਹਾਲ ਪੰਜਾਬ−+ਬਸਪਾ ਬਣਾਏਗੇ ਖੁਸ਼ਹਾਲ ਪੰਜਾਬ' ਪੰਜਾਬ ਸਮਾਲੋ ਮਹਿਮ ਜਿੰਦਾਬਾਦ, ਮੀਟਿੰਗ ਵਿੱਚ ਐਡਵੋਕੇਟ ਬਲਵਿੰਦਰ ਕੁਮਾਰ ਸਟੇਟ ਜਨਰਲ ਸੈਕਟਰੀ ਜੀ ਨੇ ਸਟੇਜ ਦੀ ਕਾਰਵਾਈ ਚਲਾਈ, ਸ੍ਰੀ ਗੁਰਮੇਲ ਚੁੰਬਰ ਜੀ ਸਟੇਟ ਜਨਰਲ ਸੈਕਟਰੀ, ਸ਼੍ਰੀ ਲਾਲ ਚੰਦ ਔਜਲਾ ਜੀ ਸਟੇਟ ਜਨਰਲ ਸੈਕਟਰੀ, ਇੰਜੀਨੀਅਰ ਜਸਵੰਤ ਰਾਏ ਜੀ ਸਟੇਟ ਸੈਕਟਰੀ, ਪਰਮਜੀਤ ਮਲ ਜੀ ਸਟੇਟ ਕੈਸ਼ੀਅਰ ਜਿਲਾ ਪ੍ਰਧਾਨ ਸਲਵਿੰਦਰ ਜੀ ਅਤੇ ਦਿਹਾਤੀ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਦਵਿੰਦਰ ਗੋਗਾ ਜੀ ਕੌਂਸਲਰ ਜਲੰਧਰ ਜੀ ਜਲੰਧਰ ਦੀ ਟੀਮ ਨੇ ਮਿਲ ਜੁਲ ਕੇ ਮੀਟਿੰਗ ਦੇ ਸਾਰੇ ਪ੍ਰਬੰਧਾਂ ਨੂੰ ਸੰਭਾਲਿਆ ਮੀਟਿੰਗ ਵਿੱਚ ਫਗਵਾੜਾ ਤੋਂ ਕੌਂਸਲਰ ਚਰਨਜੀਤ ਲਾਲ ਜੀ ਅਤੇ ਬੀਬੀ ਅਮਨਦੀਪ ਕੌਰ ਜੀ ਕੌਂਸਲਰ ਵੀ ਹਾਜਰ ਸਨ।

# ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਮਹੱਦੀਪੁਰ ਵਿਖੇ ਕਿਰਤੀ ਭਲਾਈ ਸਕੀਮਾਂ ਜਾਗਰੂਕਤਾ ਕੈਂਪ

**ਰਾਹੋਂ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਪਿੰਡ ਮਹੱਦੀਪੁਰ ਵਿਖੇ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਲ ਓ) ਦੇ ਸਹਿਯੋਗ ਨਾਲ ਕਿਰਤੀਆਂ ਦੀਆਂ ਭਲਾਈ ਸਕੀਮਾਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਸੁਸਾਇਟੀ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਾਰੀ ਖੇਤਰ ਵਿੱਚ ਪਿਛਲੇ 12 ਮਹੀਨਿਆਂ ਦੌਰਾਨ 90 ਦਿਨ ਕੰਮ ਕਰਨ ਵਾਲੇ ਮਨਰੇਗਾ ਔਰਤਾਂ/ਪੁਰਸ਼ ਮਜ਼ਦੂਰ, ਰਾਜ ਮਿਸਤਰੀ/ਮਜ਼ਦੂਰ, ਪੇਂਟਰ, ਪਲੰਬਰ, ਕਾਰਪੇਂਟਰ, ਸਟੀਲ ਫਿਕਸਰ, ਮਾਰਬਲ/ਟਾਈਲ ਮਿਸਤਰੀ/ਮਜ਼ਦੂਰ, ਪੱਥਰ ਰਗੜਾਈ ਵਾਲੇ, ਸੜਕਾਂ ਬਣਾਉਣ ਵਾਲੇ ਮਜ਼ਦੂਰ, ਇਲੈਕਟ੍ਰੀਸ਼ੀਅਨ, ਪੀ.ਓ.ਪੀ. ਮਿਸਤਰੀ/ਮਜ਼ਦੂਰ, ਪਥੇਰ ਅਤੇ ਕੱਚੀ ਇੱਟ ਦੀ ਭਰਾਈ ਕਰਨ ਵਾਲੇ ਭੱਠਾ ਮਜ਼ਦੂਰ ਜਿਹਨਾਂ ਦੀ ਉਮਰ 18 ਤੋਂ 58 ਸਾਲ ਦੇ ਵਿਚਕਾਰ ਹੋਵੇ ਪੰਜਾਬ ਉਸਾਰੀ ਕਿਰਤੀ ਭਲਾਈ ਬੋਰਡ ਚੰਡੀਗੜ੍ਹ ਦੇ ਲਾਭਪਾਤਰੀ ਬਣ ਸਕਦੇ ਹਨ। ਸਿਮਰਨਜੋਤ ਕੌਰ ਨੇ ਦੱਸਿਆ ਕਿ ਲਾਭਪਾਤਰੀ ਕਾਰਡ ਧਾਰਕਾਂ ਨੂੰ ਬੋਰਡ ਵੱਲੋਂ



ਵੱਖ ਵੱਖ ਭਲਾਈ ਸਕੀਮਾਂ ਤਹਿਤ 3,000/-ਰੁ: ਤੋਂ ਲੈ ਕੇ 70,000/-ਰੁ: ਵਜ਼ੀਫਾ, ਲੜਕੀ ਦੀ ਸ਼ਾਦੀ ਦੇ ਲਈ 51,000/-ਰੁ: ਸ਼ਗਨ, ਧਾਰਮਿਕ/ਇਤਿਹਾਸਿਕ ਸਥਾਨ ਜਾਂ ਹੋਮਟਾਊਨ ਜਾਣ ਲਈ ਤਿੰਨ ਸਾਲ ਵਿੱਚ ਇੱਕ ਵਾਰੀ 10,000/-ਰੁ:, ਕਿਰਤੀ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ 1,00,000/-ਰੁ:, ਐਨਕਾਂ ਵਾਸਤੇ 1,000/- ਰੁ:, ਦੰਦ ਲਗਵਾਉਣ ਵਾਸਤੇ 5,000/-ਰੁ: ਅਤੇ ਸੁਣਨ ਯੰਤਰ ਲਗਵਾਉਣ ਵਾਸਤੇ 6,000/-ਰੁ:, ਕਿਰਤੀ ਜਾਂ ਪਰਿਵਾਰਕ ਮੈਂਬਰ ਦੀ ਮੌਤ ਹੋਣ ਉਪਰੰਤ 20,000/-ਰੁ:, ਕਿਰਤੀ ਦੀ ਕੁਦਰਤੀ ਮੌਤ ਹੋਣ ਤੇ 2,00,000/-ਰੁ:, ਐਕਸੀਡੈਂਟ ਵਿੱਚ ਮੌਤ ਹੋਣ ਤੇ 4,00,000/- ਰੁ: ਅਤੇ ਆਸ਼ੰਕ ਅਪੰਗਤਾ ਦੀ ਸੂਰਤ ਵਿੱਚ 1% ਦੇ ਲਈ 4,000/-ਰੁ:, ਜਨਰਲ ਸਰਜਰੀ ਲਈ 50,000/-ਰੁ:, ਇਸਤਰੀ ਕਿਰਤੀ ਦੇ ਲੜਕੇ ਦੇ ਜਨਮ ਸਮੇਂ 21,000/-ਰੁ:, ਪੁਰਸ਼ ਕਿਰਤੀ ਦੇ ਲੜਕੇ ਦੇ ਜਨਮ ਸਮੇਂ 5,000/-ਰੁ:, ਕਿਰਤੀ ਦੇ ਮੰਦਬੁੱਧੀ ਅਤੇ ਅਪੰਗ ਬੱਚਿਆਂ ਦੀ ਸਾਂਭ ਸੰਭਾਲ ਲਈ 24,000/-ਰੁ:, ਨਵ ਜਨਮੀ ਬੇਟੀ ਲਈ ਫਿਕਸ ਡਿਪੋਜ਼ਿਟ 75,000/-ਰੁ:, 'ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ' ਦੀ ਸਕਿੱਲ ਅਪ-ਗ੍ਰੇਡੇਸ਼ਨ/ਆਰ ਪੀ ਐੱਲ ਸਬੰਧੀ ਸਰਟੀਫਿਕੇਟ ਪ੍ਰਾਪਤ ਕਿਰਤੀ ਨੂੰ ਟੂਲਜ਼ (ਔਜ਼ਾਰ) ਕਿੱਟ ਖ੍ਰੀਦਣ ਲਈ 10,000/-ਰੁ:ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਜਾਗਰੂਕਤਾ ਕੈਂਪ ਦੇ ਮੌਕੇ ਤੇ ਰਿਟਾ ਸੂਬੇਦਾਰ ਜੀਤ ਸਿੰਘ, ਸਮਾਜ ਸੇਵੀ ਮੋਹਣ ਸਿੰਘ ਅਤੇ ਸੁਸਾਇਟੀ ਦੇ ਚੀਫ ਵਲੰਟੀਅਰ ਹਰਸ਼ਦੀਪ ਉਆਣ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ।

## ਐਸ.ਡੀ.ਐਮ. ਬਲਾਚੌਰ ਕ੍ਰਿਤਿਕਾ ਗੋਇਲ ਨੇ ਠਠਿਆਲਾ ਢਾਹਾਂ, ਜਾਡਲੀ 'ਚ' ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵਲੋਂ ਪਰਾਲੀ ਨਾ ਸਾੜਨ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਉਪ ਮੰਡਲ ਮੈਜਿਸਟਰੇਟ ਮੈਡਮ ਕ੍ਰਿਤਿਕਾ ਗੋਇਲ, ਡੀਐਸ ਪੀ ਹੇਮੰਤ ਮਲਹੋਤਰਾ , ਐਸਡੀਓ ਬਿਜਲੀ ਬੋਰਡ ਦਿਨੇਸ਼ ਕੁਮਾਰ ਬਲਾਚੌਰ ਵਲੋਂ ਸਾਂਝੇ ਤੌਰ ਤੇ ਸਬ ਡਵੀਜ਼ਨ ਬਲਾਚੌਰ ਅਧੀਨ ਪੈਂਦੇ ਪਿੰਡ ਠਠਿਆਲਾ ਢਾਹਾਂ , ਜਾਡਲੀ ਵਿਖੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਉਂਦਿਆਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਜਾਂ ਨਾੜ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ । ਐਸ.ਡੀ.ਐਮ. ਕ੍ਰਿਤਿਕਾ ਗੋਇਲ ਅਤੇ ਡੀ ਐਸ ਪੀ ਹੇਮੰਤ ਕੁਮਾਰ ਮਲਹੋਤਰਾ ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂਹੰਦ ਦੇ ਖੇਤਾਂ ਵਿੱਚ ਹੀ ਸੁਚੱਜੇ ਨਿਪਟਾਰੇ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਲਗਾਤਾਰ ਉਪਰਾਲੇ ਕਰਦਿਆਂ ਪਰਾਲੀ ਆਦਿ ਦੇ ਪ੍ਰਬੰਧਨ ਲਈ ਸਬ ਸਿਟੀ ਤੇ ਮਸ਼ੀਨਾਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਵਰਤੋਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਨ ਮੁਕਤ ਰੱਖਿਆ ਜਾ ਸਕਦਾ ਹੈ । ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ ਜਿਨ੍ਹਾਂ ਨੇ ਕਿਸਾਨਾਂ ਨੂੰ ਵਾਤਾਵਰਣ ਲਈ ਬੇਹੱਦ ਨੁਕਸਾਨਦੇਹ ਇਸ ਪ੍ਰਕਿਰਿਆ ਨੂੰ ਬੰਦ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖੇਤਾਂ ਵਿੱਚ ਅੱਗ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਹਵਾ ਪ੍ਰਦੂਸ਼ਿਤ ਹੁੰਦੀ ਹੈ ਜੋ ਮਨੁੱਖੀ ਸਿਹਤ ਲਾਈ ਹਾਨੀਕਾਰਕ ਹੈ । ਐਸ.ਡੀ.ਐਮ. ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸੀ.ਆਰ.ਐਮ. ਮਸ਼ੀਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਜਿੱਥੇ ਲੋੜ ਹੋਵੇ ਉਥੇ ਮਸ਼ੀਨਾਂ ਭੇਜੀਆ ਜਾਣ ਤਾਂ ਜੋ ਪਰਾਲੀ ਪ੍ਰਬੰਧਨ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਜਾ ਸਕੇ । ਉਨ੍ਹਾਂ ਨੇ ਖੇਤੀਬਾੜੀ ਵਿਭਾਗ, ਪੁਲਿਸ, ਪੰਚਾਇਤਾਂ, ਅਤੇ ਪਿੰਡ ਵਾਸੀਆਂ ਨੂੰ ਸਾਂਝੀ ਕੋਸ਼ਿਸ਼ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ, ਤਾਂ ਜੋ ਪਰਾਲੀ ਸਾੜਨ ਦੀ ਰਵਾਇਤ ਨੂੰ ਖਤਮ ਕਰਦਿਆਂ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ ਇਸ ਮੌਕੇ ਪਿੰਡ ਵਾਸੀ ਅਤੇ ਕਿਸਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ ।

# ਹਰ ਤਰ੍ਹਾਂ ਦਾ ਪ੍ਰਦੂਸ਼ਣ

ਕੰਮ ਤਾਂ ਹੋਵੇ ਭਾਵੇਂ ਨਾ ਹੋਵੇ ,
ਲੱਗਿਆ ਰਹਿੰਦੈ ਜ਼ੋਰ ਬਿਆਨਾਂ 'ਤੇ .
ਬਹੁਤਾ ਖ਼ਰਚ ਹੋਵੇ ਮਸ਼ਹੂਰੀ 'ਤੇ ,
ਜਾਂ ਦਿੱਲੀਓਂ ਆਏ ਮਹਿਮਾਨਾਂ 'ਤੇ .
ਕਰਦੇ ਸਾਰਾ ਸਾਲ ਪ੍ਰਦੂਸ਼ਣ ਜੋ ,
ਕੋਈ ਉਧਰ ਨੂੰ ਤਾਂ ਮੂੰਹ ਨਾ ਕਰੇ :
ਨਜਲਾ ਅਫ਼ਸਰਾਂ ਤੇ ਸਰਕਾਰਾਂ ਦਾ ,
ਆ ਕੇ ਝੜ ਜਾਂਦੈ ਕਿਰਸਾਨਾਂ 'ਤੇ .



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# ਕਵਿਤਾ

ਜ਼ਿੰਦਗੀ ਹੱਸ ਕੇ ਗੁਜ਼ਾਰ ਦਿਓ।
ਜ਼ਿੰਦਗੀ ਹੱਸ ਕੇ ਗੁਜ਼ਾਰ ਦਿਓ।
ਕਿਸੇ ਨੇ ਕੀਤਾ ਹੈ ਨੁਕਸਾਨ ਵਿਸਾਰ ਦਿਓ।
ਪਤਝੜ ਹੈ ਤਾਂ ਬਸੰਤ ਬਹਾਰ ਦਿਓ।
ਦੂਜਿਆਂ ਦੀ ਜ਼ਿੰਦਗੀ ਖੁਸ਼ੀ ਨਾਲ ਨਿਖਾਰ ਦਿਓ।
ਦਿੱਤਾ ਹੈ ਕਿਸੇ ਨੇ ਦੁੱਖ ਤਾਂ ਉਹਨੂੰ ਖੁਸ਼ੀ ਉਧਾਰ ਦਿਓ।
ਕੀਤਾ ਜਿਸ ਨੇ ਪ੍ਰਕਾਸ਼ ਉਸ ਨੂੰ ਨਾ ਅੰਧਕਾਰ ਦਿਓ।
ਜੀਣਾ ਹੈ ਜੇ ਸੁੱਖ ਨਾਲ ਸਭ ਨੂੰ ਪਿਆਰ ਦਿਓ।
ਸੁਧਰਨਾ ਹੈ ਮਾਹੌਲ ਬ ਤਾਂ ਨੇਕੀ ਵਾਲੇ ਵਿਚਾਰ ਦਿਓ।
ਜੇ ਹੈ ਦਿਲ ਵਿੱਚ ਨਫਰਤ ਦਾ ਬੂਟਾ ਉਸ ਨੂੰ ਉਖਾੜ ਦਿਓ।
ਜੇਕਰ ਹੈ ਕੋਈ ਇਕੱਲਾ ਉਸ ਨੂੰ ਹੱਸਦਾ ਖੇਡਦਾ ਸੰਸਾਰ ਦਿਓ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ।**
**ਮੋਬਾਈਲ 94 1635 90 45**
**ਰੋਹਤਕ ਹਰਿਆਣਾ।**

# ਮੋਦੀ ਵਾਲਾ ਤਾਰਾ

ਮੋਦੀ ਵਾਲਾ ਤਾਰਾ ਚੜ੍ਹਿਆ
ਘਰ ਘਰ ਹੋਣ ਵਿਚਾਰਾਂ,
ਹੁੰਮ ਹੁਮਾ ਕੇ ਪਈਆਂ ਵੋਟਾਂ
ਚੁਣ ਲਈਆਂ ਸਰਕਾਰਾਂ,
ਡਿਗਰੀ ਫੜ ਕੇ ਹੱਕ ਮੰਗੇਂਦੇ
ਝੱਲੀਆਂ ਜਾਣ ਨਾ ਮਾਰਾਂ,
ਨਵੇਂ ਕਾਨੂੰਨ ਤੇ ਨਵੇਂ ਕਿਤਾਬੇ
ਪੜੇ ਲਿਖੇ ਵੀ ਖੋਲ੍ਹਣ ਢਾਬੇ,
ਸੜੀਆਂ ਲਾਸ਼ਾਂ ਨਿੱਤ ਸਿਆਪੇ
ਧੀਆਂ ਜੰਮਣੋਂ ਡਰਦੇ ਮਾਪੇ,
ਕਿਧਰੇ ਡਾਂਗਾਂ ਕਿਧਰੇ ਦੰਗੇ
ਪੁੱਤਰੋ ਪੈ ਨਾ ਜਾਵਣ ਪੰਗੇ,
ਕੁਸ਼ਤੀ ਬਾਜ਼ੀ ਹਾਕੀ ਖੇਡਾਂ
ਛੱਡ ਕੇ ਤੁਰ ਜੋ ਵਿੱਚ ਕਨੇਡਾ,
ਚਿੜੀਆਂ ਮੌਤ ਗੰਵਾਰਾਂ ਹਾਸੀ
ਸੱਚ ਨੂੰ ਇੱਥੇ ਹੁੰਦੀ ਫਾਂਸੀ,
ਬੀਜੇ ਅੰਬ ਤੇ ਉੱਗੇ ਖੀਰੇ
ਨਿੱਤ ਨਾ ਮਾਵਾਂ ਜੰਮਣ ਹੀਰੇ,
ਨਕਲੀ ਦੁੱਧ ਤੇ ਮੱਖਣ ਪੇੜੇ
ਖੋਹ ਲਏ ਸਿਹਤਾਂ ਖੁਸ਼ੀਆਂ ਖੇੜੇ,
ਪਿੰਜਰਿਓਂ ਕੱਢ ਕੇ ਪੰਛੀ ਨੋਚਣ
ਅੰਬਰੋਂ ਡਿੱਗੀਆਂ ਛੁਰੀਆਂ ਬੋਚਣ,
ਮਾਂ ਕਹਿੰਦੀ ਘਰਬਾਰਨ ਹੋ ਜਾ
ਸਮਾਂ ਕਹੇ ਵਣਜਾਰਨ ਹੋ ਜਾ,
ਉੱਚੀਆਂ ਕੰਧਾਂ ਉੱਚੇ ਚੁਬਾਰੇ
ਕਿੱਥੇ ਲੁਕਾਵਾਂ ਜਾਨੋਂ ਪਿਆਰੇ,
ਮੁੱਢੋਂ ਚੀਰ ਦੁਫਾੜੇ ਕੀਤੇ
ਬੁੱਢੀ ਅੰਮਾਂ ਜੋ ਸੀ ਸੀਤੇ,
ਧਰਤੀ ਸਿਸਕੇ ਅੰਬਰ ਰੋਵੇ
ਕਿੱਦਾਂ ਦੁੱਧ ਖੂਨ ਨੂੰ ਧੋਵੇ,
ਲੋਹਾ ਫਿਰਦਾ ਕੁੰਦਨ ਬਣਿਆ
ਜੌਹਰੀ ਦੇ ਹੱਥ ਠੂਠਾ ਫੜਿਆ,
ਗਲ ਦੀ ਕੈਂਠੀ ਕੰਨ ਦੇ ਵਾਲੇ
ਲਾਹ ਕੇ ਲੈ ਗਏ ਜ਼ੋਰਾਂ ਵਾਲੇ,
ਢਿੱਡੋਂ ਭੁੱਖੀ ਫਾਹੇ ਲੈਂਦੀ
ਦੁਨੀਆਂ ਇਸਨੂੰ ਕਿਸਮਤ ਕਹਿੰਦੀ,
ਕਾਜ਼ੀ ਮੁੱਲਾਂ ਅੱਖਾਂ ਮੁੰਦੀਆਂ
ਝੱਲੀਆਂ ਜਾਣ ਨਾ ਪੀੜਾਂ ਹੁੰਦੀਆਂ,
ਪੰਡਿਤਾਂ ਪੜ੍ਹ ਪੜ੍ਹ ਵੇਦ ਵੀਚਾਰੇ
ਮਾਇਆ ਨਾਗਣ ਡੱਸ ਲਏ ਸਾਰੇ,
"ਗਿੱਲ" ਨਿਮਾਣੀ ਕੀਹਨੂੰ ਦੱਸੇ
ਕੱਲੀ ਰੋਵੇ ਸਭ ਨਾਲ ਹੱਸੇ....



**ਬੇਅੰਤ ਕੌਰ ਗਿੱਲ ਮੋਗਾ**

# ਕਵਿਤਾ

ਕਿਥੋਂ ਕਿੱਥੇ ਤੱਕ ਪਹੁੰਚ ਗਏ,
ਇਹ ਗੱਲਾਂ ਦੇ ਵਪਾਰੀ।
ਅਨਪੜ੍ਹ ਬਣ ਗਏ ਮਾਸਟਰ,
ਪੜ੍ਹੇ ਲਿਖੇ ਬਣ ਗਏ ਭਿਖਾਰੀ।
ਕਿਥੋਂ ਕਿੱਥੇ.....
ਤੂੰ ਵੋਟ ਇੱਕ ਦਾ ਹੱਕਦਾਰੀ,
ਉਹ ਦੋ ਜਗਾਹ ਕਿਸਮਤ ਅਜਮਾਈ ਜਾਵੇ,
ਨੌਕਰਾ ਤੇਰੀ ਹੱਕਾਂ ਦੀ ਲੜਾਈ,
ਹੱਕਾਂ ਖਾਤਿਰ ਤੇਰੀ ਗ੍ਰਿਫਤਾਰੀ,
ਕਿਥੋਂ ਤੱਕ.....
ਤੇਰੀ ਜੇਲ੍ਹ ਯਾਤਰਾ ਤੇਰੀ ਨੌਕਰੀ ਗਵਾਵੇ।
ਉਹ ਦੋ ਜਗਾਹ ਤੋਂ ਜੰਗ ਜਿੱਤੀ ਜਾਵੇ,
ਰਾਜਾ ਬਣਾਉਣ ਵਾਲੇ ਕਿਉਂ ਬਣੇ ਭਿਖਾਰੀ।
ਕਿਥੋਂ ਕਿੱਥੇ......
ਅਮੀਰ ਲੀਡਰ, ਗਰੀਬ ਲੋਕ,
ਗਰੀਬ ਸਿੱਖੀ ਸੇਵੀਕੀ,
ਅਮੀਰ ਗੁਰੂ ਕਿਉਂ ਬਣਾਈ ਜਾਵੇ।
ਆਪੇ ਤੀਰ ਅੰਦਾਜ,ਆਪ ਹੀ ਝਾਂਸੇ ਖਾਵੇਂ,
ਆਪੇ ਬਣੇ ਕਿਉਂ....ਇਹਨਾਂ ਦਾ ਸ਼ਿਕਾਰੀ।
ਕਿਥੋਂ ਕਿੱਥੇ...
ਹਰੀ* ਲੀਡਰ ਬਣ ਨਹੀਂ ਹੋਣਾ,
ਹੱਕ ਪ੍ਰਾਇਆ ਖਾ ਨਹੀਂ ਹੋਣਾ।
ਆਪਣੇ ਮਨ ਦੀ, ਆਪਣੀ ਮਸਤੀ।
ਇਸ ਤੋਂ ਹੋਰ,ਕੋਈ ਨਹੀਂ ਸੱਸਤੀ।
ਆਪਣੀ ਖੁਸ਼ੀ ਦੀ ਕਰ ਆਪ ਪਹਿਰੇਦਾਰੀ,
ਕਿਥੋਂ ਕਿੱਥੇ ਤੱਕ ਪਹੁੰਚ ਗਏ ਇਹ ਗੱਲਾਂ ਦੇ ਵਪਾਰੀ।



**ਹਰੀ ਕ੍ਰਿਸ਼ਨ ਬੰਗਾ**

# ਵਰ੍ਹੇਗੰਢ ਮੁਬਾਰਕ



**ਸੁਰਿੰਦਰ ਸਿੰਘ ਸੰਘਾ ਤੇ ਸਿਮਰਨਜੀਤ ਕੌਰ ਕਨੇਡਾ ਨਿਵਾਸੀ ਤਨੂੰਲੀ (ਹੁਸ਼ਿਆਰਪੁਰ) ਨੂੰ ਵਿਆਹ ਦੀ ਚੌਥੀ ਵਰ੍ਹੇਗੰਢ ਦੀਆਂ ਮੁਬਾਰਕਾਂ ਹੋਣ।**

# ਹਿਮਾਚਲ ਸਰਹੱਦ 'ਤੇ ਆਬਕਾਰੀ ਵਿਭਾਗ ਦੀ ਸਾਂਝੀ ਕਾਰਵਾਈ 'ਚ 8100 ਕਿਲੋ ਲਾਹਣ ਤੇ 300 ਲੀਟਰ ਕੱਚੀ ਸ਼ਰਾਬ ਬਰਾਮਦ



**ਹੁਸ਼ਿਆਰਪੁਰ, ( ਤਰਸੇਮ ਦੀਵਾਨਾ ) –** ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਅਤੇ ਆਬਕਾਰੀ ਅਫ਼ਸਰ, ਹੁਸ਼ਿਆਰਪੁਰ-2 ਪ੍ਰੀਤ ਭੁਪਿੰਦਰ ਸਿੰਘ ਦੀ ਨਿਗਰਾਨੀ ਹੇਠ ਇਕ ਸਾਂਝੀ ਕਾਰਵਾਈ ਮੁਹਿੰਮ ਚਲਾਈ ਗਈ। ਇਹ ਕਾਰਵਾਈ ਆਬਕਾਰੀ ਟੀਮ ਹੁਸ਼ਿਆਰਪੁਰ-2 (ਪੰਜਾਬ) ਅਤੇ ਹਿਮਾਚਲ ਪ੍ਰਦੇਸ਼ ਆਬਕਾਰੀ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਹਾਜੀਪੁਰ ਅਤੇ ਤਲਵਾੜਾ ਸਰਕਲਾਂ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਸਰਹੱਦੀ ਪੱਟੀ ਵਿਚ ਕੀਤੀ ਗਈ। ਜ਼ਮੀਨੀ ਪੱਧਰ 'ਤੇ ਇਸ ਮੁਹਿੰਮ ਦੀ ਅਗਵਾਈ ਆਬਕਾਰੀ ਇੰਸਪੈਕਟਰ ਪਰਵਿੰਦਰ ਕੁਮਾਰ, ਆਬਕਾਰੀ ਇੰਸਪੈਕਟਰ ਅਜੈ ਕੁਮਾਰ ਅਤੇ ਐਸ.ਟੀ.ਈ.ਓ ਡਮਟਾਲ (ਹਿ. ਪ੍ਰ.) ਅਰੁਣ ਕਪੂਰ ਵਲੋਂ ਕੀਤੀ ਗਈ।ਕਾਰਵਾਈ ਦੌਰਾਨ ਵੱਡੇ ਪੱਧਰ 'ਤੇ ਨਾਜਾਇਜ਼ ਸ਼ਰਾਬ ਨਿਰਮਾਣ ਨਾਲ ਸਬੰਧਤ ਸਮੱਗਰੀ ਬਰਾਮਦ ਕੀਤੀ ਗਈ, ਜਿਸ ਵਿਚ 8 ਪਲਾਸਟਿਕ ਡਰੰਮ (200 ਕਿਲੋਗ੍ਰਾਮ ਪ੍ਰਤੀ ਡਰੰਮ), 13 ਤਰਪਾਲਾਂ (ਲੱਗਭਗ 500 ਕਿਲੋਗ੍ਰਾਮ ਪ੍ਰਤੀ ਤਰਪਾਲ) ਸ਼ਾਮਿਲ ਹਨ। ਇਸੇ ਤਰ੍ਹਾਂ ਕੁੱਲ ਲੱਗਭਗ 8,100 ਕਿਲੋਗ੍ਰਾਮ ਲਾਹਣ (ਗੈਰ-ਕਾਨੂੰਨੀ ਤੌਰ 'ਤੇ ਖ਼ਮੀਰ ਵਾਲਾ ਅਲਕੋਹਲ ਪਦਾਰਥ) ਜ਼ਬਤ ਕੀਤਾ ਗਿਆ। ਇਸ ਤੋਂ ਇਲਾਵਾ ਪਲਾਸਟਿਕ ਦੇ ਡੱਬਿਆਂ ਵਿਚ 300 ਲੀਟਰ ਕੱਚੀ ਸ਼ਰਾਬ, ਸ਼ਰਾਬ ਦੇ ਉਤਪਾਦਨ ਵਿਚ ਵਰਤੇ ਜਾਣ ਵਾਲੇ ਉਪਕਰਣਾਂ ਅਤੇ ਬਰਤਨਾਂ ਦੇ ਨਾਲ ਵੀ ਜ਼ਬਤ ਕੀਤੀ ਗਈ। ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਨੇ ਕਿਹਾ ਕਿ ਇਹ ਮੁਹਿੰਮ ਵਿਭਾਗ ਦੀ ਗੈਰ-ਕਾਨੂੰਨੀ ਸ਼ਰਾਬ ਨਿਰਮਾਣ ਅਤੇ ਤਸਕਰੀ ਵਿਰੁੱਧ ਸਖ਼ਤ ਕਾਰਵਾਈ ਦਾ ਹਿੱਸਾ ਹੈ। ਹਿਮਾਚਲ ਪ੍ਰਦੇਸ਼ ਪੁਲਿਸ ਵੱਲੋਂ ਜ਼ਬਤੀ ਨਾਲ ਸਬੰਧਤ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਨੂੰ ਪੂਰੀ ਤਰ੍ਹਾਂ ਰੋਕਣ ਲਈ ਅਜਿਹੇ ਸਾਂਝੇ ਆਪ੍ਰੇਸ਼ਨ ਜਾਰੀ ਰਹਿਣਗੇ।

ਸਮਾਜ ਵੀਕਲੀ ਨਿਊਜ਼

**ਫੋਟੋ ਅਜਮੇਰ ਦੀਵਾਨਾ**

# ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਤੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਪ੍ਰਭਾਤਫੇਰੀਆਂ ਜਾਰੀ





**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਨਿਰੰਕਾਰੀ ਜੋਤ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮਹਲਾ ਟਿੱਬਾ ਸਾਹਿਬ ਤੋਂ ਪ੍ਰਭਾਤ ਫੇਰੀਆਂ ਆਰੰਭ ਹੋ ਚੁੱਕੀਆਂ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦਰਸ਼ਨ ਸਿੰਘ ਪਲਾਹਾ ਅਤੇ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਨੇ ਦੱਸਿਆ ਕਿ 5 ਨਵੰਬਰ ਨੂੰ ਮਨਾਏ ਜਾ ਰਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਤੋ ਆਰੰਭ ਹੋ ਕੇ ਪ੍ਰਭਾਤ ਫੇਰੀਆਂ ਦੌਰਾਨ ਮੁਹੱਲਾ ਟਿੱਬਾ ਸਾਹਿਬ,ਸੁਭਾਸ਼ ਨਗਰ, ਲਾਭ ਨਗਰ, ਦਸ਼ਮੇਸ਼ ਨਗਰ, ਡਗਾਣਾ ਰੋਡ, ਪ੍ਰੀਤਮ ਨਗਰ, ਰਾਮਗੜ, ਮਿਲਾਪ ਨਗਰ ਆਦਿ ਇਲਾਕਿਆਂ ਵਿੱਚ ਸੰਗਤਾਂ ਵੱਲੋਂ "ਤੱਕਿਆ ਮੈਂ ਬਾਬਰ ਦੇ ਦਰਬਾਰ ਇੱਕ ਮਸਤਾਨਾ ਜੋਗੀ", "ਜਾਗ ਸੰਗਤੇ ਪ੍ਰਭਾਤ ਫੇਰੀ ਆਈ ਆ", "ਅੰਮ੍ਰਿਤ ਵੇਲੇ ਉੱਠਿਆ ਕਰ, ਨਾਮੁ ਜਪਿਆ ਕਰ,ਵੰਡ ਛਕਿਆ ਕਰ",ਉਚਾ ਦਰ ਬਾਬੇ ਨਾਨਕ ਦਾ, ਮੈਂ ਸ਼ੋਭਾ ਸੁਣ ਕੇ ਆਇਆ", ਆਦਿ ਧਾਰਮਿਕ ਗੀਤਾ ਅਤੇ ਸ਼ਬਦਾਂ ਦਾ ਗਾਇਨ ਕਰਦੀਆਂ ਹੋਈਆਂ ਸੰਗਤਾਂ ਗੁਰਮੁਖ ਪਿਆਰਿਆਂ ਦੇ ਗ੍ਰਹਿ ਵਿਖੇ ਪਹੁੰਚਦੀਆਂ ਹਨ ਜਿੱਥੇ ਵਿਸ਼ੇਸ਼ ਕੀਰਤਨ ਦੀਵਾਨਾਂ ਵਿੱਚ ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ ਅਤੇ ਭਾਈ ਜਸਵਿੰਦਰ ਸਿੰਘ ਪਰਮਾਰ ਵੱਲੋਂ ਧੁਰ ਕੀ ਬਾਣੀ ਦੇ ਰਸਭਿੰਨੇ ਕੀਰਤਨ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ । ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਮਹਿੰਦਰ ਸਿੰਘ ਕੁਵੇਤ ਵੱਲੋਂ ਮੁਹੱਲਾ ਪ੍ਰੀਤਮ ਨਗਰ, ਡਾਕਟਰ ਸੁਖਰਾਜ ਸਿੰਘ ਤੇ ਡਾ. ਨਵਨੀਤ ਕੌਰ ਵੱਲੋਂ ਸਵਰਨ ਸਿਨੇ ਪਲੈਕਸ, ਪ੍ਰਿੰਸੀਪਲ ਹਰਦੀਪ ਸਿੰਘ ਵੱਲੋਂ ਮਹੱਲਾ ਦਸ਼ਮੇਸ਼ ਨਗਰ, ਡਾ. ਸਰਵਣ ਸਿੰਘ ਵੱਲੋਂ ਮੁਹੱਲਾ ਸੁਭਾਸ਼ ਨਗਰ, ਸੱਤਪਾਲ ਸਿੰਘ ਦਿਓਲ ਵੱਲੋਂ ਟੈਗੋਰ ਨਗਰ, ਸਮੂੰਹ ਸੰਗਤਾਂ ਮੁਹੱਲਾ ਲਾਭ ਨਗਰ,ਗੀਤਾ ਰਾਣੀ ਅਨਿਲ ਸਿੰਘ ਵੱਲੋਂ ਮਹੱਲਾ ਟਿੱਬਾ ਸਾਹਿਬ ਵਿਖੇ ਪ੍ਰਭਾਤ ਫੇਰੀਆਂ ਦੀ ਸੇਵਾ ਕੀਤੀ ਗਈ ਹੈ ਜਿਨਾਂ ਨੂੰ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਅਤੇ ਜਸਵਿੰਦਰ ਸਿੰਘ ਪਰਮਾਰ ਨਹੀਂ ਦੱਸਿਆ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 4 ਨਵੰਬਰ ਨੂੰ ਪ੍ਰਿੰਸੀਪਲ ਬਲਵੀਰ ਸਿੰਘ ਦੇ ਗ੍ਰਹਿ ਮਹੱਲਾ ਦਸਮੇਸ਼ ਨਗਰ ਤੋਂ ਸਵੇਰੇ 7:30 ਵਜੇ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿਬਾ ਸਾਹਿਬ ਤੱਕ ਅਲੌਕਿਕ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ 5 ਨਵੰਬਰ ਨੂੰ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਾਇਆ ਜਾਵੇਗਾ ।

**ਫੋਟੋ ਅਜਮੇਰ ਦੀਵਾਨਾ**

# ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਤਰਨ-ਤਾਰਨ ਵਿੱਚ ਕੀਤਾ ਜ਼ੋਰਦਾਰ 'ਡੋਰ-ਟੂ-ਡੋਰ' ਪ੍ਰਚਾਰ



**ਬਲਾਚੌਰ, ( ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਜ਼ਿਮਨੀ ਚੋਣ ਨੂੰ ਲੈ ਕੇ ਤਰਨਤਾਰਨ ਹਲਕੇ ਵਿੱਚ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਅੱਜ ਉਨ੍ਹਾਂ ਨੇ ਤਰਨਤਾਰਨ ਸ਼ਹਿਰ ਦੇ ਵਾਰਡ ਨੰਬਰ 17 ਅਤੇ ਇਲਾਕੇ ਦੇ ਵੱਖ ਵੱਖ ਪਿੰਡਾ ਵਿੱਚ ਡੋਰ-ਟੂ-ਡੋਰ ਪ੍ਰਚਾਰ ਕੀਤਾ। ਇਸ ਦੌਰਾਨ ਉਨ੍ਹਾਂ ਦਾ ਮੁੱਖ ਧਿਆਨ ਸਥਾਨਕ ਲੋਕਾਂ ਨਾਲ ਸਿੱਧਾ ਸੰਵਾਦ ਸਥਾਪਤ ਕਰਨ 'ਤੇ ਰਿਹਾ। ਅਸ਼ੋਕ ਕਟਾਰੀਆ ਨੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਸਿੱਖਿਆ, ਸਿਹਤ, ਅਤੇ ਬਿਜਲੀ ਦੇ ਖੇਤਰ ਵਿੱਚ ਕੀਤੇ ਗਏ ਸੁਧਾਰਾਂ ਬਾਰੇ ਦੱਸਿਆ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਰਨ ਤਾਰਨ ਦੇ ਵਿਕਾਸ ਨੂੰ ਅਣਗੌਲਿਆ ਕੀਤਾ ਹੈ, ਜਿਸ ਕਾਰਨ ਇੱਥੋਂ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਕਿਹਾ "ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਹਰ ਵਰਗ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣਾ ਹੈ। ਅਸੀਂ ਤਰਨਤਾਰਨ ਨੂੰ ਨਸ਼ਾ ਮੁਕਤ ਬਣਾਉਣ, ਸਥਾਨਕ ਸੜਕਾਂ ਦੀ ਹਾਲਤ ਸੁਧਾਰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵਚਨਬੱਧ ਹਾਂ।ਡੋਰ-ਟੂ-ਡੋਰ ਮੁਹਿੰਮ ਦੌਰਾਨ ਕਟਾਰੀਆ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਬਜ਼ੁਰਗਾਂ ਅਤੇ ਔਰਤਾਂ ਨੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਪਾਣੀ, ਸੀਵਰੇਜ ਅਤੇ ਸਫਾਈ ਨਾਲ ਸਬੰਧਤ ਸਥਾਨਕ ਮੁੱਦੇ ਉਠਾਏ। ਕਟਾਰੀਆ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਪਾਰਟੀ ਦੇ ਚੋਣ ਨਿਸ਼ਾਨ 'ਝਾੜੂ' ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚੋਂ ਰਵਾਇਤੀ ਪਾਰਟੀਆਂ ਦੀ ਗੰਦਗੀ ਨੂੰ ਸਾਫ਼ ਕੀਤਾ ਜਾਵੇ। ਇਸ ਮੌਕੇ ਬਲਾਕ ਪ੍ਰਧਾਨ ਰਨਵੀਰ ਸਿੰਘ ਜੱਟ ਪੁਰ ਅਤੇ ਹਰਪਾਲ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਅਤੇ ਕਮਲੇਸ਼ ਚੌਧਰੀ ਆਦਿ ਹਾਜਰ ਸਨ ।

for more news visit:
www.samajweekly.com

# ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਦੀ ਸਮਾਪਤੀ



**ਬਰਨਾਲਾ।** ਜਿਲਾ ਬਰਨਾਲਾ ਦੇ ਪਿੰਡ ਸੇਖਾ ਵਿੱਚ ਚੱਲ ਰਿਹਾ ਸੱਤ ਰੋਜਾ ਐੱਨ ਐੱਸ ਐੱਸ ਕੈਂਪ ਅੱਜ ਸਮਾਪਤ ਹੋ ਗਿਆ ਹੈ। ਸਮਾਪਤੀ ਸਮਾਗਮ ਯੂਨੀਵਰਸਿਟੀ ਕਾਲਜ ਬਰਨਾਲਾ ਵਿੱਚ ਕੀਤਾ ਗਿਆ। ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਰਾਮਪਾਲ ਸਿੰਘ ਨੇ ਦੱਸਿਆ ਕਿ ਮਿਤੀ 25 ਅਕਤੂਬਰ ਤੋਂ ਪਿੰਡ ਸੇਖਾ ਵਿਖੇ ਯੂਨੀਵਰਸਟੀ ਕਾਲਜ ਬਰਨਾਲਾ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਸੱਤ ਰੋਜਾ ਕੈਂਪ ਲਗਾਇਆ ਜਾ ਰਿਹਾ ਸੀ। ਕੈਂਪ ਦੌਰਾਨ ਸੇਖਾ ਪਿੰਡ ਦੀ ਸਫ਼ਾਈ ਕੀਤੀ ਗਈ ਅਤੇ ਬੂਟੇ ਲਗਾਏ ਗਏ । ਕੈਂਪ ਦੇ ਆਖਰੀ ਦੋ ਦਿਨ ਵਲੰਟੀਅਰਾਂ ਵੱਲੋਂ ਕਾਲਜ ਕੈਂਪ ਦੀ ਸਫਾਈ ਕੀਤੀ ਗਈ। ਇਸ ਦੌਰਾਨ ਵਲੰਟੀਅਰ ਅਨੁਸ਼ਾਸਿਤ ਢੰਗ ਅਤੇ ਬੜੇ ਉਤਸ਼ਾਹ ਨਾਲ਼ ਕੈਂਪ ਵਿੱਚ ਹਾਜ਼ਰ ਰਹੇ। ਕੈਂਪ ਵਿੱਚ 25 ਲੜਕੇ ਤੇ 25 ਲੜਕੀਆਂ ਨੇ ਭਾਗ ਲਿਆ। ਸਮਾਪਤੀ ਸਮਾਗਮ ਦੀ ਪ੍ਰਧਾਨਗੀ ਡਾ. ਨਵਦੀਪ ਕੌਰ ਮੁਖੀ ਰੀਜਨਲ ਸੈਂਟਰ ਬਠਿੰਡਾ ਨੇ ਕੀਤੀ। ਉਹਨਾਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਅਤੇ ਆਪਣੇ ਨੈਤਿਕ ਫਰਜ਼ਾਂ ਨੂੰ ਪਛਾਨਣ ਲਈ ਪ੍ਰੇਰਿਤ ਕੀਤਾ । ਇਸ ਵਾਰ ਦੋ ਵਲੰਟੀਅਰਾਂ ਦੀ ਥਾਂ ਚਾਰ ਵਲੰਟੀਅਰਾਂ ਨੂੰ ਬੈਸਟ ਵਲੰਟੀਅਰ ਚੁਣਿਆ ਗਿਆ। ਜਿਨਾਂ ਵਿੱਚ ਮੁਹੰਮਦ ਜ਼ਾਹਿਦ ਭਗਵਤੀ, ਵੀਰ ਇੰਦਰ ਸਿੰਘ ਅਤੇ ਜਸਪ੍ਰੀਤ ਕੌਰ ਨੂੰ ਬੈਸਟ ਵਲੰਟੀਅਰ ਚੁਣਿਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾਕਟਰ ਵਿਭਾ ਅਗਰਵਾਲ ਨੇ ਪ੍ਰੋਗਰਾਮ ਅਫ਼ਸਰ ਡਾ. ਰਾਮਪਾਲ ਸਿੰਘ ਅਤੇ ਸਮੂਹ ਵਲੰਟੀਅਰਾਂ ਨੂੰ ਕੈਂਪ ਦੀ ਸਫ਼ਲਤਾ ਪੂਰਵਕ ਸਮਾਪਤੀ ਲਈ ਵਧਾਈ ਦਿੱਤੀ ਅਤੇ ਆਉਂਦੇ ਸਮੇਂ ਵਿੱਚ ਵੀ ਐੱਨ ਐੱਸ ਐੱਸ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਤ ਕੀਤਾ। ਇਸ ਸਮੇਂ ਪ੍ਰੋਫੈ. ਗੁਰਮੇਲ ਸਿੰਘ, ਪ੍ਰੋਫੈਸਰ ਲਵਪ੍ਰੀਤ ਸਿੰਘ ,ਪ੍ਰੋਫੈਸਰ ਮੇਜਰ ਸਿੰਘ, ਪ੍ਰੋਫੈਸਰ ਹਰਵਿੰਦਰ ਸਿੰਘ, ਪ੍ਰੋਫੈਸਰ ਹਰਪ੍ਰੀਤ ਸਿੰਘ, ਪ੍ਰੋਫੈਸਰ ਵਿਪਨ ਗੋਇਲ, ਪ੍ਰੋਫੈਸਰ ਚਾਹਾਤ ਰਾਣੀ , ਪ੍ਰੋਫੈਸਰ ਮਨਪ੍ਰੀਤ ਕੌਰ ,ਪ੍ਰੋਫੈਸਰ ਮਨਪ੍ਰੀਤ ਕੌਰ ਸਿੱਧੂ ,ਸੀਨੀਅਰ ਸਹਾਇਕ ਸ. ਜਸਵਿੰਦਰ ਸਿੰਘ ,ਸ੍ਰੀਮਤੀ ਹਰਜਿੰਦਰ ਕੌਰ ਲਾਇਬ੍ਰੇਰੀ ਰੀਸਟੋਰਰ ਅਤੇ ਸਮੂਹ ਦਰਜਾ ਚਾਰ ਕਰਮਚਾਰੀ ਸ਼ਾਮਿਲ ਸਨ।

# 'ਪੰਜਾਬ ਸੰਭਾਲੋ' ਮੁਹਿੰਮ ਤਹਿਤ ਪਿੰਡ-ਪਿੰਡ ਪਹੁੰਚੇਗੀ ਬਸਪਾ

## 9 ਅਕਤੂਬਰ ਦੀ ਕਾਮਯਾਬ ਰੈਲੀ ਤੋਂ ਬਾਅਦ ਹੁਣ ਬਸਪਾ ਜਨਸੰਪਰਕ ਮੁਹਿੰਮ ਚਲਾਏਗੀ








**ਜਲੰਧਰ।** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਇੱਕ ਸੂਬਾ ਪੱਧਰੀ ਮੀਟਿੰਗ ਪਾਰਟੀ ਦੇ ਸੂਬਾ ਦਫਤਰ ਵਿੱਚ ਕੀਤੀ ਗਈ। ਇਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬਸਪਾ ਦੇ ਕੇਂਦਰੀ ਕੋਆਡੀਨੇਟਰ ਰਣਧੀਰ ਸਿੰਘ ਬੈਣੀਵਾਲ ਤੇ ਉਨ੍ਹਾਂ ਨਾਲ ਪਾਰਟੀ ਵੱਲੋਂ ਨਵੇਂ ਲਗਾਏ ਕੇਂਦਰੀ ਕੋਆਡੀਨੇਟਰ ਪ੍ਰਤਾਪ ਸਿੰਘ ਵੀ ਪਹੁੰਚੇ। ਇਸ ਦੇ ਨਾਲ-ਨਾਲ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ, ਸੂਬਾ ਕੋਆਰਡੀਨੇਟਰ ਤੇ ਵਿਧਾਇਕ ਡਾ. ਨਛੱਤਰ ਪਾਲ, ਪ੍ਰਜਾਪਤੀ ਅਜੀਤ ਸਿੰਘ ਭੈਣੀ, ਤੀਰਥ ਮਹਿਰਾ ਰਾਜਪੁਰਾ, ਚੌਧਰੀ ਗੁਰਨਾਮ ਸਿੰਘ, ਕੁਲਦੀਪ ਸਿੰਘ ਸਰਦੂਲਗੜ੍ਹ ਸਮੇਤ ਸਾਰੀ ਸੀਨੀਅਰ ਲੀਡਰਸ਼ਿਪ ਹਾਜ਼ਰ ਸੀ।ਇਸ ਮੌਕੇ ਉਕਤ ਆਗੂਆਂ ਨੇ ਮੀਟਿੰਗ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸੰਭਾਲੋ ਮੁਹਿੰਮ ਨੂੰ ਸੂਬੇ ਵਿੱਚ ਹਰ ਵਰਗ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ। ਇਸ ਕਰਕੇ ਹੀ ਵੱਡੀ ਗਿਣਤੀ ਦੇ ਵਿੱਚ ਸਾਰੇ ਵਰਗਾਂ ਦੇ ਲੋਕ ਬਸਪਾ ਦੀ 9 ਅਕਤੂਬਰ ਦੀ ਫਿਲੌਰ ਰੈਲੀ ਵਿੱਚ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਸੰਭਾਲੋ ਮੁਹਿੰਮ ਹੁਣ ਦੂਜੇ ਰਾਊਂਡ ਵਿੱਚ ਦਾਖਲ ਹੋ ਚੁੱਕੀ ਹੈ। ਇਸ ਦੇ ਤਹਿਤ ਬਸਪਾ ਵੱਲੋਂ ਪਿੰਡ-ਪਿੰਡ ਜਾ ਕੇ ਨੁੱਕੜ ਮੀਟਿੰਗਾਂ ਰਾਹੀਂ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਵੱਲੋਂ ਦੇਸ਼ ਭਰ ਵਿੱਚ ਪਾਰਟੀ ਨੂੰ ਪਿੰਡ-ਪਿੰਡ, ਬੂਥ-ਬੂਥ ਤੱਕ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਦੇ ਤਹਿਤ ਹੀ ਪੰਜਾਬ ਵਿੱਚ ਵੀ ਸਾਰੇ ਆਗੂ ਤੇ ਵਰਕਰ ਪਿੰਡ-ਪਿੰਡ, ਬੂਥ-ਬੂਥ ਤੱਕ ਸਾਰੇ ਵਰਗਾਂ ਤੱਕ ਪਹੁੰਚ ਕਰਨਗੇ ਤੇ ਉਹਨਾਂ ਨੂੰ ਪੰਜਾਬ ਸੰਭਾਲੋ ਮੁਹਿੰਮ ਤਹਿਤ ਪਾਰਟੀ ਨਾਲ ਜੋੜਨਗੇ, ਤਾਂ ਕਿ ਪੰਜਾਬ ਵਿੱਚ ਬਸਪਾ ਰਾਹੀਂ ਚੰਗੀ ਬਦਲਵੀਂ ਰਾਜਨੀਤੀ ਸੱਤਾ ਵਿੱਚ ਲਿਆਈ ਜਾ ਸਕੇ।

ਉਨ੍ਹਾਂ ਕਿਹਾ ਕਿ ਅਜੇ ਤੱਕ ਪੰਜਾਬ ਵਿੱਚ ਰਾਜ ਕਰਦੀਆਂ ਆ ਰਹੀਆਂ ਪਾਰਟੀਆਂ ਨੇ ਸੂਬੇ ਦੇ ਲੋਕਾਂ ਦਾ ਲਗਾਤਾਰ ਉਜਾੜਾ ਕੀਤਾ ਹੈ।ਲੋਕਾਂ ਕੋਲ ਰੁਜ਼ਗਾਰ ਨਹੀਂ ਹੈ, ਨਸ਼ਾ ਫੈਲਿਆ ਹੋਇਆ ਹੈ ਤੇ ਲੋਕਾਂ ਨੂੰ ਨਿਆਂ ਨਹੀਂ ਮਿਲ ਰਿਹਾ ਹੈ। ਇਸ ਮੌਕੇ ਬਸਪਾ ਆਗੂ ਬਲਦੇਵ ਸਿੰਘ ਮਹਿਰਾ, ਲਾਲ ਸਿੰਘ ਸੁਲਹਾਣੀ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਲਾਲ ਚੰਦ ਔਜਲਾ, ਤਰਸੇਮ ਥਾਪਰ, ਹਰਭਜਨ ਬਜਹੇੜੀ, ਪਰਵੀਨ ਬੰਗਾ, ਰਾਕੇਸ਼ ਦਾਤਾਰਪੁਰੀ, ਬਲਵਿੰਦਰ ਬਿੱਟਾ, ਬਲਜੀਤ ਸਿੰਘ ਸਲਾਣਾ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ, ਦਲਜੀਤ ਰਾਏ ਆਦਿ ਆਗੂ ਵੀ ਮੌਜੂਦ ਸਨ। ਇਸ ਦੌਰਾਨ ਪੰਜਾਬ ਦੇ ਨਵੇਂ ਇੰਚਾਰਜ ਪ੍ਰਤਾਪ ਸਿੰਘ ਦਾ ਪੰਜਾਬ ਪਹੁੰਚਣ 'ਤੇ ਪਾਰਟੀ ਲੀਡਰਸ਼ਿਪ ਵੱਲੋਂ ਸਵਾਗਤ ਵੀ ਕੀਤਾ ਗਿਆ।

# ਕੋਟਨੀਸ ਐਕਿਊਪੰਕਚਰ ਹਸਪਤਾਲ ਵੱਲੋਂ ਕੈਂਸਰ ਅਤੇ ਐਚ.ਆਈ.ਵੀ. ਖ਼ਿਲਾਫ਼ ਕੈਂਪ ਦਾ ਆਯੋਜਨ







**ਲੁਧਿਆਣਾ ( ਕਰਨੈਲ ਸਿੰਘ ਐੱਮ ਏ.)** ਡਾ. ਡੀ. ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ, ਸਲੇਮ ਟਾਬਰੀ ਵੱਲੋਂ ਪਿੰਕ ਅਕਤੂਬਰ ਮੁਹਿੰਮ 2025 ਦੇ ਤਹਿਤ ਕੈਂਸਰ ਅਤੇ ਐਚ.ਆਈ.ਵੀ./ਏਡਜ਼ ਖ਼ਿਲਾਫ਼ ਇੱਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਲੋਕਾਂ, ਖਾਸ ਕਰਕੇ ਮਹਿਲਾਵਾਂ ਨੂੰ ਇਨ੍ਹਾਂ ਗੰਭੀਰ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਸੀ। ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਦੱਸਿਆ ਕਿ ਭਾਰਤ ਵਿੱਚ ਹਰ ਸਾਲ ਲਗਭਗ 14 ਲੱਖ ਤੋਂ ਵੱਧ ਨਵੇਂ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਰੀਬ 28% ਮਾਮਲੇ ਮਹਿਲਾਵਾਂ ਵਿੱਚ ਬ੍ਰੈਸਟ ਕੈਂਸਰ ਦੇ ਹੁੰਦੇ ਹਨ। ਪੰਜਾਬ ਵਿੱਚ 2024 ਵਿੱਚ ਹੀ 42,288 ਬ੍ਰੈਸਟ ਕੈਂਸਰ ਦੇ ਮਾਮਲੇ ਦਰਜ ਕੀਤੇ ਗਏ ਸਨ, ਜੋ 2021 ਨਾਲੋਂ 7% ਵੱਧ ਹਨ, ਅਤੇ ਅੰਦਾਜ਼ਾ ਹੈ ਕਿ 2025 ਤੱਕ ਇਹ ਗਿਣਤੀ 44,000 ਤੋਂ ਵੱਧ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੈਂਸਰ ਦੇ ਮੁੱਖ ਕਾਰਨਾਂ ਵਿੱਚ ਅਸਿਹਤਮੰਦ ਖਾਣਾ, ਧੂੰਮਰਪਾਨ, ਸ਼ਰਾਬ ਦਾ ਸੇਵਨ, ਸ਼ਰੀਰਕ ਗਤੀਵਿਧੀ ਦੀ ਘਾਟ, ਪ੍ਰਦੂਸ਼ਣ ਅਤੇ ਜੈਨੇਟਿਕ ਕਾਰਕ ਸ਼ਾਮਲ ਹਨ। ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਮਹਿਲਾਵਾਂ ਸਿਹਤਮੰਦ ਜੀਵਨਸ਼ੈਲੀ ਅਪਣਾ ਕੇ ਕੈਂਸਰ ਤੋਂ ਬਚਾਅ ਕਰ ਸਕਦੀਆਂ ਹਨ — ਇਸ ਵਿੱਚ ਧੂੰਮਰਪਾਨ ਤੋਂ ਬਚਣਾ, ਸੰਤੁਲਿਤ ਖੁਰਾਕ, ਨਿਯਮਿਤ ਵਿਆਯਾਮ, ਧੁੱਪ ਤੋਂ ਤਵਚਾ ਦੀ ਰੱਖਿਆ ਅਤੇ ਐਚਪੀਵੀ (ਫੜ) ਵੈਕਸੀਨ ਲਗਵਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਂਸਰ ਦੀ ਸ਼ੁਰੂਆਤੀ ਪਛਾਣ ਹੋ ਜਾਵੇ ਤਾਂ ਇਲਾਜ ਦੀ ਸਫਲਤਾ ਦਰ 90% ਤੱਕ ਹੁੰਦੀ ਹੈ, ਇਸ ਲਈ ਨਿਯਮਿਤ ਸਿਹਤ ਜਾਂਚ, ਮੈਮੋਗ੍ਰਾਫੀ ਅਤੇ ਕੈਂਸਰ ਸਕ੍ਰੀਨਿੰਗ ਬਹੁਤ ਜ਼ਰੂਰੀ ਹੈ। ਇਸ ਮੌਕੇ ਡਾ: ਰਘੁਵੀਰ ਸਿੰਘ ਅਤੇ ਡਾ: ਬਲਜਿੰਦਰ ਸਿੰਘ ਢਿੱਲੋਂ ਨੇ ਮਹਿਲਾਵਾਂ ਨੂੰ ਬ੍ਰੈਸਟ ਕੈਂਸਰ ਦੇ ਲੱਛਣਾਂ ਜਿਵੇਂ ਕਿ ਛਾਤੀ ਵਿੱਚ ਗਾਂਠ, ਦਰਦ, ਤਵਚਾ ਵਿੱਚ ਬਦਲਾਅ ਜਾਂ ਰਸਾਅ ਆਦਿ ਦੇ ਪ੍ਰਤੀ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜਾਗਰੂਕਤਾ ਅਤੇ ਸਮੇਂ ਤੇ ਜਾਂਚ ਨਾਲ ਇਸ ਬਿਮਾਰੀ ਨੂੰ ਸ਼ੁਰੂਆਤੀ ਹਾਲਤ ਵਿੱਚ ਹੀ ਰੋਕਿਆ ਜਾ ਸਕਦਾ ਹੈ। ਪ੍ਰੋਗਰਾਮ ਵਿੱਚ ਗਗਨ ਭਾਟੀਆ, ਮਨੀਸ਼ਾ, ਮਹੇਸ਼, ਵੈਸ਼ਾਲੀ, ਮੀਨੂ, ਰਿਤੂ ਸਮੇਤ ਹੋਰ ਸਟਾਫ਼ ਮੈਂਬਰ ਅਤੇ ਸਥਾਨਕ ਨਿਵਾਸੀ ਵਿਸ਼ੇਸ਼ ਤੌਰ ਤੇ ਮੌਜੂਦ ਸਨ ਅਤੇ ਸਭ ਨੇ ਸਮਾਜ ਵਿੱਚ ਕੈਂਸਰ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

## HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ਉਨੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

### ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

### ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

### ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginismus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

### ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਥਾਂ ਥਾਂ ਹੋ ਰਹੀਆਂ ਲੀਕੇਜਾਂ ਕਾਰਨ ਵੱਡੀ ਮਾਤਰਾ ਵਿੱਚ ਸਾਫ ਪਾਣੀ ਦੀ ਹੋ ਰਹੀ ਬਰਬਾਦੀ, ਵਿਭਾਗ ਨਹੀਂ ਗੰਭੀਰ

**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ ) ਕਾਠਗੜ੍ਹ** ਵਿੱਚ ਵੱਖ-ਵੱਖ ਥਾਵਾਂ ਤੇ ਪੀਣ ਵਾਲੇ ਸਾਫ ਪਾਣੀ ਦੀ ਹੋ ਰਹੀ ਲੀਕੇਜ ਕਾਰਨ ਵੱਡੀ ਮਾਤਰਾ ਵਿੱਚ ਪਾਣੀ ਬਰਬਾਦ ਜਾ ਰਿਹਾ ਹੈ ਪਰੰਤੂ ਲੰਬੇ ਸਮੇਂ ਤੋਂ ਹੋ ਰਹੀਆਂ ਲੀਕੇਜਾਂ ਨੂੰ ਵਿਭਾਗ ਵੱਲੋਂ ਠੀਕ ਨਾ ਕਰਵਾਏ ਜਾਣ ਕਰਕੇ ਵਿਭਾਗ ਦੀ ਕਾਰਗੁਜ਼ਾਰੀ ਮਾੜੀ ਸਾਬਤ ਹੋ ਰਹੀ ਹੈ। ਕਥਿਤ ਜਾਣਕਾਰੀ ਅਨੁਸਾਰ ਕਾਠਗੜ੍ਹ ਦੇ ਵਾਰਡ ਨੰਬਰ 5 ਵਿੱਚ ਖੇਡ ਕ੍ਰੀੜਾ ਸੈਂਟਰ ਦੇ ਨੇੜੇ ਅਤੇ ਕਾਠਗੜ੍ਹ ਦੇ ਜਲ ਘਰ ਦੇ ਨੇੜੇ ਲੰਬੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਲੀਕੇਜ ਹੋ ਰਹੀ ਹੈ ਜਿਸ ਨਾਲ ਰੋਜ਼ਾਨਾ ਹਜ਼ਾਰਾਂ ਲੀਟਰ ਪਾਣੀ ਬਰਬਾਦ ਜਾ ਰਿਹਾ ਹੈ ਅਤੇ ਨਾਲ ਹੀ ਪਾਣੀ ਵੀ ਦੂਸ਼ਿਤ ਹੋ ਰਿਹਾ ਹੈ। ਇਹਨਾਂ ਲੀਕੇਜਾਂ ਨੂੰ ਠੀਕ ਕਰਵਾਉਣ ਲਈ ਕਈ ਵਾਰ ਖਬਰਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਪ੍ਰੰਤੂ ਵਿਭਾਗ ਇਸ ਪ੍ਰਤੀ ਗੰਭੀਰ ਨਹੀਂ ਹੈ। ਸਾਫ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਵਿਭਾਗ ਲੋਕਾਂ ਨੂੰ ਕਈ ਤਰੀਕਿਆਂ ਨਾਲ ਜਾਗਰੂਕ ਕਰਦਾ ਹੈ ਪ੍ਰੰਤੂ ਲੀਕੇਜਾਂ ਕਾਰਨ ਬਰਬਾਦ ਹੋ ਰਹੇ ਪਾਣੀ ਵੱਲ ਵਿਭਾਗ ਦੀ ਨਜ਼ਰ ਨਹੀਂ ਜਾਂਦੀ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਕਾਠਗੜ੍ਹ ਦੇ ਜਲ ਘਰ ਦੀ ਸਾਫ ਸਫਾਈ ਦਾ ਵੀ ਮੰਦਾ ਹਾਲ ਹੈ ਅਤੇ ਇਹ ਵੀ ਸ਼ੰਕਾ ਜਾਹਿਰ ਕੀਤੀ ਜਾ ਰਹੀ ਹੈ ਕਿ ਪਾਣੀ ਦੀ ਟੈਂਕੀ ਦੀ ਸਾਫ ਸਫਾਈ ਨੂੰ ਵੀ ਸ਼ਾਇਦ



**ਪੀਣ ਵਾਲੇ ਪਾਣੀ ਦੀਆਂ ਹੋ ਰਹੀ ਲੀਕੇਜ ਦੀਆਂ ਤਸਵੀਰ।**

ਕਾਫੀ ਸਮਾਂ ਹੋ ਚੁੱਕਿਆ ਹੈ। ਇਸ ਤੋਂ ਇਲਾਵਾ ਹਲਕੇ ਦੇ ਪਿੰਡ ਟੁੰਡੇਵਾਲ ਦੇ ਜਲ ਘਰ ਤੋਂ ਪਿੰਡ ਮਾਲੇਵਾਲ ਕੋਹਲੀ ਵੱਲ ਜਾ ਰਹੀ ਸਪਲਾਈ ਦੀ ਵੀ ਕਈ ਥਾਵਾਂ ਤੋਂ ਲਿਕੇਜ ਹੋ ਰਹੀ ਹੈ ਅਤੇ ਕਈ ਕਈ ਘੰਟੇ ਚਲਦੇ ਟਿਊਬਵੈਲ ਨਾਲ ਲੀਕਜਾਂ ਤੋਂ ਵੱਡੀ ਮਾਤਰਾ ਵਿੱਚ ਪਾਣੀ ਬਰਬਾਦ ਜਾਂਦਾ ਹੈ। ਟੁੰਡੇਵਾਲ ਦੇ ਜਲ ਘਰ ਦੀ ਸਪਲਾਈ ਦੀ ਇੱਕ ਵੱਡੀ ਲੀਕੇਜ ਪਿੰਡ ਗੋਲੂ ਮਾਜਰਾ ਦੇ ਤਿੰਨ ਸਵਾਗਤੀ ਗੇਟਾਂ ਕੋਲ ਕਾਫੀ ਦੇਰ ਤੋਂ ਹੋ ਰਹੀ ਹੈ ਜਿਸ ਦਾ ਪਾਣੀ ਸੰਪਰਕ ਸੜਕ ਦੇ ਨਾਲ-ਨਾਲ ਕਾਫੀ ਦੂਰ ਤੱਕ ਜਾਂਦਾ ਹੈ। ਮਾਰਗ ਦੀ ਬਰਮ ਦੇ ਨਾਲ ਹੋ ਰਹੀ ਇਹ ਲੀਕੇਜ ਸਭ ਨੂੰ ਨਜ਼ਰ ਆਉਂਦੀ ਹੈ ਸ਼ਾਇਦ ਇਸ ਨੂੰ ਵਿਭਾਗ ਦੇ ਕਰਮਚਾਰੀ ਵੀ ਦੇਖ ਚੁੱਕੇ ਹਨ ਪਰੰਤੂ ਇਸ ਲੀਕੇਜ ਨੂੰ ਠੀਕ ਕਰਨ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਵਿਭਾਗ ਨੂੰ ਚਾਹੀਦਾ ਹੈ ਕਿ ਵੱਖ-ਵੱਖ ਥਾਂਈਂ ਹੋ ਰਹੀਆਂ ਸਾਫ ਪਾਣੀ ਦੀਆਂ ਲੀਕੇਜਾਂ ਨੂੰ ਜਲਦ ਸਹੀ ਕਰਵਾਇਆ ਜਾਵੇ ਤਾਂ ਜੋ ਪਾਣੀ ਦੀ ਬਰਬਾਦੀ ਰੁਕ ਸਕੇ ਅਤੇ ਪਾਣੀ ਦੂਸ਼ਿਤ ਵੀ ਨਾ ਹੋਵੇ।

# ਜ਼ਿਲ੍ਹੇ ਵਿਚ ਚਾਈਨਾ ਡੋਰ ਬਣਾਉਣ, ਵਿਕਰੀ ਅਤੇ ਵਰਤੋਂ ’ਤੇ ਮੁਕੰਮਲ ਪਾਬੰਦੀ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਸ਼ਹਿਰੀ ਅਤੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਨਾਇਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਾ ਡੋਰ/ ਮਾਝਾ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ, ਸਪਲਾਈ ਕਰਨ, ਬਾਹਰੋਂ ਆਯਾਤ ਕਰਨ ਅਤੇ ਇਸ ਦੀ ਵਰਤੋਂ ਕਰਨ ’ਤੇ ਮੁਕੰਮਲ ਤੌਰ ’ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ ਪਤੰਗ/ ਗੁਡੀਆਂ ਉਡਾਉਣ ਲਈ ਵਰਤੀ ਜਾਂਦੀ ਨਾਈਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ



ਚਾਈਨਾ ਡੋਰ ਬਹੁਤ ਮਜ਼ਬੂਤ, ਨਾ-ਗਲਣਯੋਗ, ਨਾ-ਟੁੱਟਣਯੋਗ ਹੋਣ ਕਰਕੇ ਪਤੰਗ ਉਡਾਉਣ ਵਾਲਿਆਂ ਦੀਆਂ ਉਂਗਲਾਂ ਲਈ ਬੇਹੱਦ ਖਤਰਨਾਕ ਹੈ ਅਤੇ ਸਾਈਕਲ, ਸਕੂਟਰ ਤੇ ਮੋਟਰ ਸਾਈਕਲ ਚਾਲਕਾਂ ਦੇ ਗਲ਼ੇ ਅਤੇ ਕੰਨ ‘ਤੇ ਫਿਰ ਜਾਣ ਨਾਲ ਉਨ੍ਹਾਂ ਦਾ ਨੁਕਸਾਨ ਕਰਦੀ ਹੈ। ਇਸ ਤੋ ਇਲਾਵਾ ਇਸ ਡੋਰ ਵਿੱਚ ਉੱਡਦੇ ਪੰਛੀ ਫਸ ਜਾਣ ’ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਇਸ ਡੋਰ ਦੀ ਵਰਤੋ ਆਦਿ ‘ਤੇ ਪੂਰਨ ਪਾਬੰਦੀ ਲਾਈ ਜਾਂਦੀ ਹੈ। ਜ਼ਿਲ੍ਹਾ ਪੁਲਿਸ, ਸ਼ਹਿਰੀ ਖੇਤਰਾਂ ਵਿੱਚ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰ ਅਤੇ ਦਿਹਾਤੀ ਇਲਾਕਿਆਂ ਵਿੱਚ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣਗੇ। ਇਹ ਹੁਕਮ 23 ਅਪ੍ਰੈਲ, 2026 ਤੱਕ ਲਾਗੂ ਰਹੇਗਾ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਭਾਰਤ ਦੇ ਲੋਹ ਪੁਰਸ਼ ਨੂੰ ਉਨ੍ਹਾਂ ਦੀ 150ਵੀਂ ਵਰ੍ਹੇਗੰਢ 'ਤੇ ਯਾਦ ਕੀਤਾ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਨੇ ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਨੂੰ ਉਨ੍ਹਾਂ ਦੀ 150ਵੀਂ ਜਨਮ ਵਰ੍ਹੇਗੰਢ 'ਤੇ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਇੱਕ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਨੂੰ ਮਨਾਉਣ ਅਤੇ ਰਾਸ਼ਟਰੀ ਏਕਤਾ ਦਿਵਸ (ਰਾਸ਼ਟਰੀ ਏਕਤਾ ਦਿਵਸ) ਮਨਾਉਣ ਲਈ, ਯੂਨੀਵਰਸਿਟੀ ਨੇ ਕੈਂਪਸ ਵਿੱਚ "ਨਸ਼ਾ ਮੁਕਤ ਭਾਰਤ" (ਨਸ਼ਾ ਮੁਕਤ ਭਾਰਤ) ਰੈਲੀ ਦਾ ਆਯੋਜਨ ਕੀਤਾ।ਜਿਸ ਵਿੱਚ ਸਮੂਹ ਵਿਦਿਆਰਥੀਆਂ ਨੇ ਉਤਸ਼ਾਹ ਨਾਲ





ਹਿੱਸਾ ਲਿਆ ਅਤੇ ਸਰਦਾਰ ਵੱਲਭ ਭਾਈ ਪਟੇਲ ਦੇ ਜੀਵਨ ਤੋਂ ਪ੍ਰੇਰਨਾ ਲਈ। ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਚਾਂਸਲਰ ਸ਼੍ਰੀ ਐਨ ਐਸ ਰਿਆਤ ਅਤੇ ਉਪ ਕੁੱਲਪਤੀ ਡਾ. ਏ ਐਸ ਚਾਵਲਾ ਨੇ ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ ਅਤੇ ਤਾਕਤ ਬਾਰੇ ਪ੍ਰੇਰਿਤ ਕੀਤਾ। ਇਸ ਸਮਾਗਮ ਨੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਵਿੱਚ ਸਰਦਾਰ ਪਟੇਲ ਦੇ ਅਨਮੋਲ ਯੋਗਦਾਨ ਨੂੰ ਉਜਾਗਰ ਕੀਤਾ, ਨਾਲ ਹੀ ਇੱਕ ਸਿਹਤਮੰਦ, ਨਸ਼ਾ ਮੁਕਤ ਸਮਾਜ ਦੇ ਸੰਦੇਸ਼ ਨੂੰ ਵੀ ਉਤਸ਼ਾਹਿਤ ਕੀਤਾ। ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੇ ਰੈਲੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਵਿੱਚ ਏਕਤਾ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਦਰਸਾਇਆ ਗਿਆ ਜਿਸ ਲਈ ਸਰਦਾਰ ਪਟੇਲ ਖੜ੍ਹੇ ਸਨ।

# ਪੰਜਾਬ ਸਰਕਾਰ ਦੀ ਜਾਗਰੂਕਤਾ ਮੁਹਿੰਮ ਤਹਿਤ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ

## ਐਸ.ਡੀ.ਐਮ. ਨੇ ਵੱਖ-ਵੱਖ ਪਿੰਡਾਂ ‘ਚ ਕਿਸਾਨਾਂ ਨਾਲ ਕੀਤੀ ਗੱਲਬਾਤ

**ਨਵਾਂਸ਼ਹਿਰ, ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਪਰਾਲੀ ਨਾ ਸਾੜਨ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਉਪ ਮੰਡਲ ਮੈਜਿਸਟਰੇਟ ਅਨਮਜੋਤ ਕੌਰ ਨੇ ਸਬ ਡਵੀਜਨ ਨਵਾਂਸ਼ਹਿਰ ਅਧੀਨ ਪੈਂਦੇ ਪਿੰਡ ਦਰਿਆਪੁਰ, ਮੁਜੱਫਰਪੁਰ, ਉਸਮਾਨਪੁਰ, ਮਝੂਰ ਅਤੇ ਰਕਾਸਨ ਵਿਖੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਉਂਦਿਆਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਜਾਂ ਨਾੜ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ।

ਐਸ.ਡੀ.ਐਮ. ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਦੇ ਖੇਤਾਂ ਵਿੱਚ ਹੀ ਸੁਚੱਜੇ ਨਿਪਟਾਰੇ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਲਗਾਤਾਰ ਉਪਰਾਲੇ ਕਰਦਿਆਂ ਪਰਾਲੀ ਆਦਿ ਦੇ ਪ੍ਰਬੰਧਨ ਲਈ ਮਸ਼ੀਨਾਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਵਰਤੋਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਨ ਮੁਕਤ ਰੱਖਿਆ ਜਾ ਸਕਦਾ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀ ਵੀ ਮੌਕੇ ‘ਤੇ ਮੌਜੂਦ ਸਨ ਜਿਨ੍ਹਾਂ ਨੇ ਕਿਸਾਨਾਂ ਨੂੰ ਵਾਤਾਵਰਣ ਲਈ ਬੇਹੱਦ ਨੁਕਸਾਨਦੇਹ ਇਸ



ਪ੍ਰਕਿਰਿਆ ਨੂੰ ਬੰਦ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖੇਤਾਂ ਵਿੱਚ ਅੱਗ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਹਵਾ ਪ੍ਰਦੂਸ਼ਿਤ ਹੁੰਦੀ ਹੈ ਜੋ ਮਨੁੱਖੀ ਸਿਹਤ ਲਾਈ ਹਾਨੀਕਾਰਕ ਹੈ।

ਐਸ.ਡੀ.ਐਮ. ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸੀ.ਆਰ.ਐਮ. ਮਸ਼ੀਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਜਿੱਥੇ ਲੋੜ ਹੋਵੇ ਉਥੇ ਮਸ਼ੀਨਾਂ ਭੇਜੀਆ ਜਾਣ ਤਾਂ ਜੋ ਪਰਾਲੀ ਪ੍ਰਬੰਧਨ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਜਾ ਸਕੇ। ਉਨ੍ਹਾਂ ਨੇ ਖੇਤੀਬਾੜੀ ਵਿਭਾਗ, ਪੁਲਿਸ, ਪੰਚਾਇਤਾਂ, ਅਤੇ ਪਿੰਡ ਵਾਸੀਆਂ ਨੂੰ ਸਾਂਝੀ ਕੋਸ਼ਿਸ਼ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ, ਤਾਂ ਜੋ ਪਰਾਲੀ ਸਾੜਨ ਦੀ ਰਵਾਇਤ ਨੂੰ ਖਤਮ ਕਰਦਿਆਂ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ।

# ਨਸ਼ੇ ਦਾ ਸੇਵਨ ਕਰਦਾ ਨੌਜਵਾਨ ਪੁਲਸ ਵੱਲੋਂ ਗ੍ਰਿਫ਼ਤਾਰ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋ ਨਸ਼ਿਆ ਦੇ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਮਾਨਯੋਗ ਡਾ. ਮਹਿਤਾਬ ਸਿੰਘ ਆਈ ਪੀ ਐਸ ਸੀਨੀਅਰ ਕਪਤਾਨ ਪੁਲਿਸ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸ਼੍ਰੀ ਹੇਮੰਤ ਕੁਮਾਰ ਪੀ.ਪੀ.ਐਸ. ਉਪ ਕਪਤਾਨ ਪੁਲਿਸ ਸਬ ਡਵੀਜਨ ਬਲਾਚੋਰ ਜੀ ਦੀ ਯੋਗ ਅਗਵਾਈ ਹੇਠ ਸਬ ਇੰਸਪੈਕਟਰ ਬਿਕਰਮ ਸਿੰਘ ਮੁੱਖ ਅਫਸਰ ਥਾਣਾ ਬਲਾਚੋਰ ਸਮੇਤ ਪੁਲਿਸ ਪਾਰਟੀ ਦੇ ਬ੍ਰਾਏ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਗਸ਼ਤ ਕਰ ਰਹੇ ਸੀ ਤਾ



ਦੌਰਾਨੇ ਗਸ਼ਤ ਪੁਲਿਸ ਪਾਰਟੀ ਵੱਲੋ ਹੀਰਾ ਲਾਲ ਪੁੱਤਰ ਝਲਮਣ ਸਿੰਘ ਵਾਸੀ ਮਾਜਰਾ ਜੱਟਾਂ ਥਾਣਾ ਕਾਠਗੜ੍ਹ ਨੂੰ ਨਸ਼ਾ ਕਰਦਿਆ ਨੂੰ ਕਾਬੂ ਕਰਕੇ ਥਾਣਾ ਸਦਰ ਬਲਾਚੌਰ ਵਿਖੇ ਮੁਕੱਦਮਾ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।ਥਾਣਾ ਇੰਚਾਰਜ ਐਸਐਚਓ ਬਿਕਰਮ ਸਿੰਘ ਰੋੜੀ ਵਲੋਂ ਇਲਾਕੇ ਵਿੱਚ ਨਸ਼ੇ ਕਰਨ ਵਾਲਿਆਂ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਕੜੀ ਚੇਤਾਵਨੀ ਦਿੱਤੀ ਗਈ ਹੈ। ਕਿ ਨਸ਼ੇ ਨਾਲ ਸਮਾਜ ਨੂੰ ਬਰਬਾਦ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਪੁਲਿਸ ਵੱਲੋਂ ਇਲਾਕੇ ਵਿੱਚ ਨਸ਼ੇ ਖਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਅਧੀਨ ਸ਼ੱਕੀ ਥਾਵਾਂ ਤੇ ਨਿਗਰਾਨੀ ਵਧਾ ਦਿੱਤੀ ਗਈ ਹੈ।

# ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਏਕ ਭਾਰਤ ਸ਼੍ਰੇਸ਼ਟ ਭਾਰਤ ਤਹਿਤ ਜ਼ਿਲ੍ਹਾ ਪੱਧਰੀ ਪੱਧਰੀ ਪੇਂਟਿੰਗ ਅਤੇ ਲੋਕ ਨਾਚ ਮੁਕਾਬਲੇ ਕਰਵਾਏ ਗਏ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਏਕ ਭਾਰਤ ਸ਼੍ਰੇਸਟ ਭਾਰਤ ਤਹਿਤ ਜ਼ਿਲ੍ਹਾ ਪੱਧਰੀ ਪੇਂਟਿੰਗ ਅਤੇ ਲੋਕ ਨਾਚ ਮੁਕਾ-ਬਲੇ ਮਾਨਯੋਗ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਹੇਠ ਬੀਆਰਸੀ ਹਾਲ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸਸਸਸ (ਲੜਕੇ) ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਏ ਗਏ।

ਇਹ ਮੁਕਾਬਲੇ ਪ੍ਰਵੀਨ ਕੁਮਾਰ ਸ਼ਰਮਾ ਨੋਡਲ ਅਫ਼ਸਰ, ਦੀਪਕ ਅਰੋੜਾ ਸਹਾਇਕ ਨੋਡਲ ਅਫ਼ਸਰ ਦੀ ਯੋਗ ਰਹਿਨੁਮਾਈ ਹੇਠ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਮੁੱਖ ਪ੍ਰਬੰਧਕ ਦੇ ਤੌਰ ਤੇ ਡਿੰਪਲ ਵਰਮਾ, ਪ੍ਰੀਤਮ ਸਿੰਘ, ਅਤੁਲ ਕੁਮਾਰ ਅਤੇ ਸਹਾਇਕ ਮੁੱਖ ਪ੍ਰਬੰਧਕ ਤੇਜਿੰਦਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਇਹਨਾਂ ਮੁਕਾਬਲਿਆਂ ਵਿੱਚ ਸੁਮਿਤ ਸਲੂਜਾ, ਡਾਕਟਰ ਮਨਜੀਤ ਕੌਰ ਗਿੱਲ, ਟੈਗੋਰ ਸਰ, ਅਵਤੰਸ ਸਿੰਘ, ਕੁਲਦੀਪ ਸਿੰਘ, ਛਿੰਦਰ ਪਾਲ ਨੇ ਜੱਜਮੈਂਟ ਦੇਣ ਦੀ ਅਹਿਮ ਭੂਮਿਕਾ ਨਿਭਾਈ। ਕੰਵਲਜੀਤ ਕੌਰ ਸਾਇੰਸ ਮਿਸਟ੍ਰੈਸ ਨੇ ਟਾਈਮ ਕੀਪਰ ਦਾ ਰੋਲ ਅਦਾ ਕੀਤਾ। ਬਤੌਰ ਸਟੇਜ ਸੰਚਾਲਕ ਰਾਜ ਕੁਮਾਰ ਲੈਕਚਰਾਰ ਇੰਗਲਿਸ਼ ਨੇ ਹਾਜ਼ਰੀ ਲਗਵਾਈ। ਰਜਿਸਟ੍ਰੇਸ਼ਨ ਕਰਨ ਲਈ ਗਗਨਦੀਪ ਕੌਰ ਪੰਜਾਬੀ ਮਿਸਟ੍ਰੈਸ, ਸੁਪ੍ਰਿਆ ਸਾਇੰਸ ਮਿਸਟ੍ਰੈਸ, ਨਵਦੀਪਿਕਾ ਜੈਨ, ਪ੍ਰਿਯੰਕਾ ਚਾਵਲਾ, ਨੇ ਆਪਣੀ ਡਿਊਟੀ ਨਿਭਾਈ। ਸਰਟੀਫਿਕੇਟ



ਕਮੇਟੀ ਦੇ ਵਿੱਚ ਗੁਰਨਾਮ ਸਿੰਘ ਪੰਜਾਬੀ ਮਾਸਟਰ, ਸੋਨਿਕਾ ਰਾਣੀ ਵਰਮਾ ਪੰਜਾਬੀ ਮਿਸਟ੍ਰੈਸ ਨੇ ਆਪਣਾ ਯੋਗਦਾਨ ਪਾਇਆ। ਰਿਫਰੈਸ਼ਮੈਂਟ ਕਮੇਟੀ ਦੇ ਲਈ ਓਮ ਪ੍ਰਕਾਸ਼, ਸ਼ਿਵ ਕੁਮਾਰ ਨੇ ਆਪਣਾ ਅਹਿਮ ਯੋਗਦਾਨ ਪਾਇਆ। ਇਸ ਮੁਕਾਬਲੇ ਦੇ ਵਿੱਚ ਸੁਖਵੰਤ ਸਿੰਘ ਅਤੇ ਰਮਨ ਕੁਮਾਰ ਸੇਵਾਦਾਰ ਨੇ ਵੀ ਆਪਣਾ ਆਪਣੀਆਂ ਸੇਵਾਵਾਂ ਨਿਭਾਈਆਂ। ਇਹਨਾਂ ਮੁਕਾਬਲਿਆਂ ਵਿੱਚ ਪਹੁੰਚੀਆਂ ਹੋਈਆਂ ਟੀਮਾਂ ਵਿੱਚੋਂ ਵਰਗ (6ਵੀਂ ਤੋਂ 8ਵੀਂ) ਪੇਂਟਿੰਗ ਮੁਕ-ਾਬਲੇ ਵਿੱਚ ਸਰਕਾਰੀ ਮਿਡਲ ਸਕੂਲ ਮਹਿਣਾ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ, ਐਸਓਈ ਬਰੀਵਾਲਾ ਨੇ ਦੂਸਰਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਭੰਗੇਵਾਲਾ ਦੇ ਵਿਦਿਆਰਥੀਆਂ ਨੇ ਤੀਸਰਾ ਸਥਨ ਪ੍ਰਾਪਤ ਕੀਤਾ। ਵਰਗ (9ਵੀਂ ਤੋਂ 12ਵੀਂ) ਪੇਂਟਿੰਗ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਖਵਾਲਾ ਨੇ ਪਹਿਲਾ ਸਥਾਨ, ਐਸਓਈ ਸਕੂਲ ਲੰਬੀ ਨੇ ਦੂਜਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਦਿਉਣ ਖੇੜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਲੋਕ ਨਾਚ ਮੁਕਾਬਲੇ ਦੇ ਵਿੱਚ ਵਰਗ (6ਵੀਂ ਤੋਂ 8ਵੀਂ) ਵਿੱਚ ਸਰਕਾਰੀ ਹਾਈ ਸਕੂਲ ਕਰਮਗੜ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਭੰਗੇਵਾਲਾ ਨੇ ਦੂਜਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਸ਼ੇਰਾਂਵਾਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੋਕ ਨਾਚ ਵਰਗ (9ਵੀਂ ਤੋਂ 12ਵੀਂ) ਵਿੱਚ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਉਦੇਕਰਨ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਮੋਹਲਾ ਨੇ ਦੂਜਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਬੂੜਾ ਗੁਜਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਇਸ ਮੁਕਾਬਲੇ ਦੇ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਨਾਲ ਨਾਲ ਸਟਾਫ ਵੀ ਹਾਜ਼ਰ ਸੀ। ਮੁਕਾ-ਬਲੇ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।

# ਅੱਪਰਾ ਵਿਖੇ ਚੋਰਾਂ ਦਾ ਕਹਿਰ: ਗੱਡੀਆਂ ਦੇ ਮਕੈਨਿਕ ਦੀ ਦੁਕਾਨ ਦਾ ਸ਼ਟਰ ਪੱਟ ਕੇ 40 ਨਵੀਆਂ ਪੁਰਾਣੀਆਂ ਬੈਟਰੀਆਂ ਤੇ ਹੋਰ ਸਮਾਨ ਚੋਰੀ

***ਸੈਲਫ਼ਾਂ, ਅਲਟੀਨੇਟਰ, ਟੂਲ ਕਿੱਟਾਂ ਤੇ ਹਾਰਨ ਵੀ ਕੀਤੇ ਚੋਰੀ*ਐੱਲ. ਈ. ਡੀ ਟਿਊਬਾਂ, ਸੈਲਫ਼ਾਂ ਦੇ ਆਰਮੈਚਰ ਤੇ ਦੂਕਾਨ ਅੰਦਰ ਪਿਆ ਟਰੰਕ ਵੀ ਸਮੇਤ ਸਮਾਨ ਉਡਾਇਆ*ਦੂਕਾਨ ਕੀਤੀ ਖਾਲੀ***

**ਫਿਲੌਰ/ਅੱਪਰਾ, (ਦੀਪਾ)**-ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਅਣਪਛਾਤੇ ਚੋਰ ਤੇ ਲੁਟੇਰੇ ਆਏ ਦਿਨ ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ, ਜਦਕਿ ਪੁਲਿਸ ਪ੍ਰਸ਼ਾਸ਼ਨ 'ਸੱਪ' ਦੇ ਲੰਘ ਜਾਣ ਤੋਂ ਬਾਅਦ 'ਲਕੀਰ' ਪਿੱਟਣ ਵਾਲਾ ਕੰਮ ਕਰ ਰਹੀ ਹੈ । ਬੀਤੀ ਰਾਤ ਵੀ ਅਣਪਛਾਤੇ ਚੋਰ ਅੱਪਰਾ ਦੇ ਨਗਰ-ਫਿਲੌਰ ਵਿਖੇ ਸਥਿਤ ਇੱਕ ਗੱਡੀਆਂ ਦੇ ਮਕੈਨਿਕ ਦੀ ਦੁਕਾਨ ਦਾ ਸ਼ਟਰ ਪੱਟ ਕੇ 40 ਦੇ ਲਗਭਗ ਨਵੀਆਂ ਪੁਰਾਣੀਆਂ ਬੈਟਰੀਆਂ ਤੇ ਹੋਰ ਸਮਾਨ ਚੋਰੀ ਕਰਕੇ ਰਫੂ-ਚੱਕਰ ਹੋ ਗਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਦੇ ਮਾਲਕ ਮਨਪ੍ਰੀਤ ਕੁਮਾਰ ਪੁੱਤਰ ਰਾਕੇਸ਼ ਕੁਮਾਰ ਵਾਸੀ ਪਿੰਡ ਅੱਪਰਾ ਨੇ ਦੱਸਿਆ ਕਿ ਉਸਦੀ ਸਥਾਨਕ ਅੱਪਰਾ ਦੇ ਅੱਡਾ ਫਿਲੌਰ ਵਾਲਾ ਦੇ ਨਜ਼ਦੀਕ ਨਗਰ-ਫਿਲੌਰ ਮੁੱਖ ਮਾਰਗ 'ਤੇ ਮਨੀ ਆਟੋ ਇਲੈਕਟ੍ਰੀਸ਼ਨ ਦੀ ਦੁਕਾਨ ਹੈ । ਬੀਤੀ ਰਾਤ ਅਣਪਛਾਤੇ ਚੋਰ ਮੇਰੀ ਦੁਕਾਨ ਦਾ ਸ਼ਟਰ ਪੱਟ ਕੇ ਅੰਦਰੋਂ 20 ਬੈਟਰੀਆਂ ਪੁਰਾਣੀਆਂ (ਛੋਟੀਆਂ), 10 ਬੈਟਰੀਆਂ ਨਵੀਆਂ, 2 ਟਿਊਬਲਰ ਬੈਟਰੇ ਪੁਰਾਣੇ, 4 ਬੈਟਰੀਆਂ ਟਰੈਕਟਰ ਦੀਆਂ, 3 ਬੈਟਰੀਆਂ ਇੰਡੀਕਾ, 1 ਬੈਟਰਾ ਵੱਡਾ





ਟਰੱਕ ਦਾ (ਕੁੱਲ 40 ਬੈਟਰੀਆਂ), 1 ਵੱਡਾ ਬੈਟਰੀ ਚਾਰਚਰ, 6 ਹਾਰਨ ਸੈੱਟ ਵੱਡੇ, 4 ਰੂਟ ਹਾਰਨ ਸੈੱਟ, ਟਰੈਕਟਰ ਦੀਆਂ ਲਾਈਟਾਂ, ਸੈਲਫ਼ਾਂ ਅਲਟੀਨੇਟਰ, ਟੂਲ ਕਿੱਟਾਂ, ਸਕਰੈਬ, ਸੈਲਫ਼ਾਂ ਦੇ ਆਰਮੈਚਰ, ਘੁੱਗੀਆਂ, ਏਲ. ਈ. ਡੀ. ਟਿਊਬਾਂ, ਬੈਟਰੀ ਦੀਅ ਲੀਡਾਂ, ਦੁਕਾਨ ਅੰਦਰ ਪਿਆ ਟਰੰਕ ਸਮੇਤ ਸਮਾਨ ਤੇ ਅਲਮਾਰੀ 'ਚ ਸਮਾਨ ਚੋਰੀ ਕਰਕੇ ਲੈ ਗਏ । ਮਨਪ੍ਰੀਤ ਕੁਮਾਰ ਨੇ ਦੱਸਿਆ ਕਿ ਇਸ ਘਟਨਾ ਦੇ ਕਾਰਣ ਮੇਰਾ ਲਗਭਗ 2 ਲੱਖ ਰੁਪਏ ਦਾ ਵਿੱਤੀ ਨੁਕਸਾਨ ਹੋ ਗਿਆ ਹੈ । ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਚੌਂਕੀ ਅੱਪਰਾ ਤੋਂ ਮੁਲਾਜ਼ਮ ਮੌਕੇ 'ਤੇ ਪਹੁੰਚ ਗਏ । ਏ. ਐੱਸ. ਆਈ ਸੁਖਦੇਵ ਸਿੰਘ ਔਲਖ ਚੌਂਕੀ ਇੰਚਾਰਜ ਅੱਪਰਾ ਨੇ ਕਿਹਾ ਕਿ ਉਕਤ ਰੋਡ 'ਤੇ ਲੱਗੇ ਹੋਏ ਸੀ. ਸੀ. ਟੀ. ਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ, ਜਲਦ ਹੀ ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ ।

# ਕਾਰ ਅਤੇ ਮੋਟਰਸਾਈਕਲ ਦੀ ਟੱਕਰ 'ਚ' ਮੋਟਰਸਾਈਕਲ ਸਵਾਰ ਗੰਭੀਰ ਜਖਮੀ

**● ਕਾਰ ਮੋਟਰਸਾਈਕਲ ਤੇ ਜਾ ਚੜ੍ਹੀ ● ਜਾਨੀ ਨੁਕਸਾਨ ਦਾ ਬਚਾਅ**

**ਨਵਾਂਸ਼ਹਿਰ /ਕਾਠਗੜ੍ਹ 31 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਆਸਰੋਂ ਨੇੜੇ ਗਲੈਕਸੀ ਹੋਟਲ ਦੇ ਕੋਲ ਕਾਰ ਅਤੇ ਮੋਟਰਸਾਈਕਲ ਦੀ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਐਕਸੀਡੈਂਟ ਹੋ ਗਿਆ ਉਨ੍ਹਾਂ ਨੇ ਤਰੁੰਤ ਜਾ ਕੇ ਦੇਖਿਆ ਕਿ ਇੱਕ ਵਰਨਾ ਕਾਰ ਸੀ ਐਚ 01ਏ ਪੀ 6121ਜਿਸ ਨੂੰ ਮਨਦੀਪ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਪਲਾਸੀ ਨੰਗਲ ਚਲਾ ਰਿਹਾ ਸੀ ਇਹ ਆਸਰੋਂ



ਸਾਈਡ ਤੋਂ ਬਲਾਚੌਰ ਸਾਈਡ ਜਾ ਰਹੇ ਸਨ ਇੱਕ ਸਪਲੈਂਡਰ ਮੋਟਰਸਾਈਕਲ ਪੀ ਬੀ 20ਈ 4088 ਜਿਸ ਨੂੰ ਕਮਲਜੀਤ ਪੁੱਤਰ ਮੋਹਨਲਾਲ ਵਾਸੀ ਰੋਪੜ੍ਹ ਚਲਾ ਰਿਹਾ ਸੀ।ਇਹ ਕਾਰ ਅਤੇ ਮੋਟਰਸਾਈਕਲ ਆਸਰੋਂ ਵੱਲ ਤੋਂ ਬਲਾਚੌਰ ਸਾਈਡ ਜਾ ਰਹੇ ਸਨ ਜਦੋਂ ਇਹ ਉਪਰੋਕਤ ਸਥਾਨ ਤੇ ਪਹੁੰਚੇ ਤਾਂ ਮੋਟਰਸਾਈਕਲ ਸਵਾਰ ਤੋਂ ਮੋਟਰਸਾਈਕਲ ਕਾਰ ਨਾਲ ਟਕਰਾ ਗਿਆ ਜਿਸ ਨਾਲ ਮੋਟਰਸਾਈਕਲ ਸਵਾਰ ਗੰਭੀਰ ਜਖਮੀ ਹੋ ਗਿਆ ਜਿਸ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਐਬੂਲੈਂਸ ਰਾਹੀ ਰੋਪੜ੍ਹ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਐਸ ਐਸ ਐਫ ਦੀ ਟੀਮ ਵਲੋਂ ਕਾਰ ਨੂੰ ਸਾਇਡ ਤੇ ਕਰਵਾ ਆਵਾਜਾਈ ਨੂੰ ਸੰਚਾਰੂ ਢੰਗ ਨਾਲ ਬਹਾਲ ਕਰਵਾਈਆਂ ਅਤੇ ਕਾਰ ਅਤੇ ਮੋਟਰਸਾਈਕਲ ਆਸਰੋਂ ਪੁਲਿਸ ਦੇ ਹਵਾਲੇ ਕੀਤਾ ਗਿਆ।

# ਅੱਖਾਂ ਦਾ ਮੁਫਤ ਜਾਂਚ ਅਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ

**ਰਾਏਕੋਟ, ਅਕਤੂਬਰ (ਗੁਰਭਿੰਦਰ ਗੁਰੀ)** ਅੱਜ ਸਥਾਨਕ ਡਾ. ਰਮੇਸ਼ ਸੁਪਰਸਪੈਸ਼ਲਿਟੀ ਆਈ ਕੇਅਰ ਹਸਪਤਾਲ ਵਿਖੇ ਅੱਖਾਂ ਦਾ ਮੁਫਤ ਜਾਂਚ ਅਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਆਕਰਸ਼ਨ ਮਹਿਤਾ ਦੀ ਅਗਵਾਈ ਹੇਠ ਆਈ ਟੀਮ ਵਲੋਂ 175 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਜਿੰਨ੍ਹਾਂ ਵਿੱਚੋਂ 20 ਮਰੀਜ਼ਾਂ ਨੂੰ ਮੁਫਤ ਆਪ੍ਰੇਸ਼ਨ ਅਤੇ ਲੈਨਜ਼ ਪਾਉਣ ਲਈ ਚੁਣਿਆ ਗਿਆ। ਇਸ ਤੋਂ ਇਲਾਵਾ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਡਾ. ਆਕਰਸ਼ਨ ਮਹਿਤਾ



ਵਲੋਂ ਕੈਂਪ ਵਿੱਚ ਆਏ ਲੋਕਾਂ ਨੂੰ ਅੱਖਾਂ ਦੀ ਸਾਂਭ ਸੰਭਾਲ ਬਾਰੇ ਪ੍ਰੇਰਿਤ ਕਰਦੇ ਹੋਏ ਕਿਸੇ ਤਰਾਂ ਦੀ ਅੱਖਾਂ ਨਾਲ ਜੁੜੀ ਸਮੱਸਿਆ ਪੇਸ਼ ਆਉਣ ’ਤੇ ਤੁਰੰਤ ਡਾਕਟਰੀ ਸਲਾਹ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਅਮਿਤ ਪਾਂਡੇ, ਦਰਸ਼ਨ ਸਿੰਘ, ਕੁਲਦੀਪ ਸਿੰਘ ਸ੍ਰੀਮਤੀ ਬਲਜੀਤ ਕੌਰ, ਸਵਿਤਾ ਭਾਰਦਵਾਜ਼ ਆਦਿ ਵੀ ਮੌਜੂਦ ਸਨ।

# ਬਲਾਕ ਪੱਧਰੀ ਦੋ ਰੋਜ਼ਾ ਖੇਡ ਮੇਲਾ ਸ਼ਾਨੋਸ਼ੌਕਤ ਨਾਲ ਹੋਇਆ ਸਮਾਪਤ

**ਰਾਏਕੋਟ, ਅਕਤੂਬਰ (ਗੁਰਭਿੰਦਰ ਗੁਰੀ)**

ਸੂਬਾ ਸਰਕਾਰ ਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤੇ ਬੀਪੀਈਓ ਇਤਬਾਰ ਸਿੰਘ ਦੇ ਦਿਸ਼ਾ ਨਿਰਦੇਸ਼ਾ, ਬਲਾਕ ਖੇਡ ਕੌਆਰਡੀਨੇਟਰ ਸੀਐੱਚਟੀ ਜੰਗਪਾਲ ਸਿੰਘ ਦੱਧਾਹੂਰ, ਖੇਡ ਕਨਵੀਨਰ ਸੀਐੱਚਟੀ ਗੁਰਬਿੰਦਰ ਕੌਰ, ਸੀਐੱਚਟੀ ਰਾਜਮਿੰਦਰਪਾਲ ਸਿੰਘ ਪਰਮਾਰ ਸਹਿਬਾਜਪੁਰਾ ਤੇ ਸਕੂਲ ਇੰਚਾਰਜ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਦੋ ਰੋਜ਼ਾ ਬਲਾਕ ਪੱਧਰੀ ਖੇਡਾਂ ਨਜਦੀਕੀ ਪਿੰਡ ਰਾਜਗੜ੍ਹ ਦੇ ਖੇਡ ਗ੍ਰਾਊਂਡ 'ਚ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਈਆਂ। ਅੱਜ ਦੇ ਦੂਸਰੇ ਦਿਨ ਵਿਸ਼ੇਸ਼ ਤੌਰ ਤੇ ਡੀਐੱਸਪੀ ਹਰਜਿੰਦਰ ਸਿੰਘ, ਤਹਿਸੀਲਦਾਰ ਵਿਸ਼ਾਲ ਵਰਮਾਂ , ਉੱਪ ਜਿਲ੍ਹਾ ਸਿੱਖਿਆ ਅਫਸਰ ਅਮਨਦੀਪ ਸਿੰਘ (ਸੈਕੰਡਰੀ), ਉੱਪ ਜਿਲ੍ਹਾ ਸਿੱਖਿਆ ਅਫਸਰ ਮਨੋਜ ਕੁਮਾਰ (ਪ੍ਰਾਇਮਰੀ), ਪ੍ਰਿੰਸੀਪਲ ਅਮਨਦੀਪ ਸਿੰਘ, ਡੀਆਰਸੀ ਮਨਮੀਤਪਾਲ ਸਿੰਘ ਗਰੇਵਾਲ ਤੇ ਵਿਸ਼ਵ ਪੰਜਾਬੀ ਸਭਾ ਦੇ ਪ੍ਰਧਾਨ ਬਲਵੀਰ ਕੌਰ ਰਾਏਕੋਟੀ ਪਹੁੰਚੇ, ਜਿੰਨਾਂ ਸਾਂਝੇ ਤੌਰ ਤੇ ਖੇਡ ਮੇਲੇ ਦੀ ਵਧਾਈ ਦਿੱਤੀ ਤੇ ਖੇਡਾਂ ਦੀ ਮਹੱਤਤਾ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ ਸਗੋਂ ਟੀਮ ਵਰਕ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਉਨ੍ਹਾਂ ਬੱਚਿਆਂ ਨੂੰ ਹਮੇਸ਼ਾ ਸਪੋਰਟਸ ਦੀ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਜ਼ਰੀਆ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਤਾਕਤ ਤੇ



ਸਮਾਂ ਖੇਡਾਂ ਅਤੇ ਸਿਹਤਮੰਦ ਸਰਗਰਮੀਆਂ ਵਿੱਚ ਲਗਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਤੰਦਰੁਸਤ ਦਿਮਾਗ ਅਤੇ ਸਰੀਰ ਨਾਲ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੋਹਿਆ ਜਾ ਸਕਦਾ ਹੈ। ਇਹਨਾਂ ਹੋਈਆਂ ਖੇਡਾਂ 'ਚ ਰੱਸਾਕਸ਼ੀ ਚੋਂ ਸੈਂਟਰ ਬੱਸੀਆਂ ਨੇ ਪਹਿਲਾ, ਤਲਵੰਡੀ ਰਾਏ ਨੇ ਦੂਸਰਾ ਤੇ ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ, ਫੁੱਟਬਾਲ (ਕੁੜੀਆਂ) ਚੌਂ ਸੈਂਟਰ ਬੱਸੀਆਂ ਨੇ ਪਹਿਲਾ, ਮਾਣੂੰਕੇ ਨੇ ਦੂਸਰਾ ਤੇ ਲੋਹਟਬੱਦੀ ਨੇ ਤੀਸਰਾ ਸਥਾਨ ਹਾਸਲ ਕੀਤਾ, ਫੁੱਟਬਾਲ (ਮੁੰਡਿਆ) ਚੌਂ ਸੈਂਟਰ ਮਾਣੂੰਕੇ ਨੇ ਪਹਿਲਾ, ਦੱਧਾਹੂਰ ਨੇ ਦੂਸਰਾ ਤੇ ਬੱਸੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ, ਸਤਰੰਜ (ਮੁੰਡਿਆ) ਚੋਂ ਸੈਂਟਰ ਸਹਿਬ-ਾਜਪੁਰਾ ਨੇ ਪਹਿਲਾ, ਲੋਹਟਬੱਦੀ ਨੇ ਦੂਸਰਾ ਤੇ ਰਾਏਕੋਟ ਨੇ ਤੀਸਰਾ ਸਥਾਨ ਹਾਸਲ ਕੀਤਾ, ਸਤਰੰਜ (ਕੁੜੀਆਂ) ਚੌਂ ਸਹਿਬ-ਾਜਪੁਰਾ ਨੇ ਪਹਿਲਾ, ਦੱਧਾਹੂਰ ਨੇ ਦੂਸਰਾ, ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ, ਕੁਸ਼ਤੀਆਂ 25 ਕਿੱਲੋ 'ਚ ਅੰਸ਼ਪ੍ਰੀਤ ਸਿੰਘ ਸੈਂਟਰ ਸਹਿਬ-ਾਜਪੁਰਾ ਨੇ ਪਹਿਲਾ, ਜਸਵੀਰ ਸਿੰਘ ਸੈਂਟਰ ਦੱਧਾਹੂਰ ਨੇ ਦੂਸਰਾ, ਦਿਲਪ੍ਰੀਤ ਸਿੰਘ ਸੈਂਟਰ ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ, 28 ਕਿੱਲੋਂ ਕੁਸ਼ਤੀਆਂ' ਚ ਸੈਂਟਰ ਤਲਵੰਡੀ ਰਾਏ ਪਹਿਲਾ, ਸੈਂਟਰ ਦੱਧਾਹੂਰ ਨੇ ਦੂਸਰਾ, ਸੈਂਟਰ ਰਾਏਕੋਟ ਨੇ ਤੀਸਰਾ ਸਥਾਨ ਹਾਸਲ ਕੀਤਾ ਤੇ ਕੁਸ਼ਤੀਆਂ 30 ਕਿੱਲੋਂ ਚੌਂ ਸੈਂਟਰ ਮਾਣੂੰਕੇ ਨੇ ਪਹਿਲਾ, ਰਾਏਕੋਟ ਨੇ ਦੂਸਰਾ, ਦੱਧਾਹੂਰ ਨੇ ਤੀਸਰਾ ਸਥਾਨ ਹਾਸਲ ਕੀਤਾ, ਕੁਸ਼ਤੀਆਂ 32 ਕਿੱਲੋ ਚੋਂ ਸੈਂਟਰ ਦੱਧਾਹੂਰ ਨੇ ਪਹਿਲਾ, ਲੋਹਟਬੱਦੀ ਨੇ ਦੂਸਰਾ ਤੇ ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ, ਕਬੱਡੀ ਨੈਸ਼ਨਲ ਮੁੰਡਿਆਂ ਚੋਂ ਸੈਂਟਰ ਮਾਣੂੰਕੇ ਨੇ ਪਹਿਲਾ, ਸੈਂਟਰ ਸਹਿਬਾਜਪੁਰਾ ਨੇ ਦੂਸਰਾ, ਸੈਂਟਰ ਬੱਸੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ, ਕਬੱਡੀ ਨੈਸ਼ਨਲ ਕੁੜੀਆਂ ਚੌਂ ਸੈਂਟਰ ਮਾਣੂੰਕੇ ਨੇ ਪਹਿਲਾ, ਸੈਂਟਰ ਸਹਿਬਾਜਪੁਰਾ ਨੇ ਦੂਸਰਾ ਸੈਂਟਰ ਦੱਧਾਹੂਰ ਨੇ ਤੀਸਰਾ ਸਥਾਨ ਹਾਸਲ ਕੀਤਾ, ਬੈਡਮਿੰਟਨ (ਮੁੰਡਿਆਂ) ਚੌਂ ਸੈਂਟਰ ਬੱਸੀਆਂ ਨੇ ਪਹਿਲਾ, ਸੈਂਟਰ ਤਲਵੰਡੀ ਰਾਏ ਨੇ ਦੂਸਰਾ, ਸੈਂਟਰ ਲੋਹਟਬੱਦੀ ਨੇ ਤੀਸਰਾ ਸਥਾਨ ਹਾਸਲ ਕੀਤਾ, ਬੈਡਮਿੰਟਨ (ਕੁੜੀਆਂ) ਚੌਂ ਬੱਸੀਆਂ ਸੈਂਟਰ ਨੇ ਹੀ ਪਹਿਲਾ ਸਥਾਨ ਹਾਸਲ ਕੀਤਾ ਹੈ। ਲੰਬੀ ਛਾਲ (ਮੁੰਡਿਆਂ) ਚੌਂ ਸੈਂਟਰ ਸਹਿਬਾਜਪੁਰਾ ਨੇ ਪਹਿਲਾ, ਮਾਣੂੰਕੇ ਨੇ ਦੂਸਰਾ ਤੇ ਬੱਸੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ, ਲੰਬੀ ਛਾਲ (ਕੁੜੀਆਂ) ਚੌਂ ਸੈਂਟਰ ਰਾਏਕੋਟ ਨੇ ਪਹਿਲਾ, ਬੱਸੀਆਂ ਨੇ ਦੂਸਰਾ ਤੇ ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ, 200 ਮੀਟਰ ਰੇਸ (ਮੁੰਡਿਆਂ) ਚੌਂ ਸੈਂਟਰ ਬੱਸੀਆਂ ਨੇ ਪਹਿਲਾ ਤੇ ਦੂਸਰਾ ਅਤੇ ਸਹਿਬਾਜਪੁਰਾ ਨੇ ਤੀਸਰਾ ਸਥਾਨ ਹਾਸਲ ਕੀਤਾ, 200 ਮੀਟਰ ਰੇਸ (ਕੁੜੀਆਂ) ਚੌਂ ਸੈਂਟਰ ਬੱਸੀਆਂ ਨੇ ਪਹਿਲਾ ਤੇ ਦੂਸਰਾ ਅਤੇ ਸੈਂਟਰ ਮਾਣੂੰਕੇ ਨੇ ਤੀਸਰਾ ਸਥਾਨ ਹਾਸਲ ਕੀਤਾ।

# ਬੋਧੀਸਤਵ ਡਾਕਟਰ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ ਧਨਾਲ ਵਿਖੇ ਸਮਰਾਟ ਅਸ਼ੋਕ ਪਬਲਿਕ ਸਕੂਲ ਬਾਰੇ ਵਿਸ਼ੇਸ਼ ਮੀਟਿੰਗ

**ਸਮਾਜ ਵੀਕਲੀ ਯੂ ਕੇ**

ਅੱਜ 31 ਅਕਤੂਬਰ 2025 ਨੂੰ ਬੋਧੀਸਤਵ ਡਾਕਟਰ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ ਧਨਾਲ ਵਿਖੇ ਸਕਾਟਲੈਂਡ ਯੂਕੇ ਤੋਂ ਸ੍ਰੀ ਐਸ ਐਲ ਗਿੰਢਾ (ਸੰਸਥਾਪਕ ਚੇਅਰਮੈਨ ਬੀਬੀਏਈਐਸ ਪੈਨ ਇੰਡੀਆ, ਜਿਨ੍ਹਾਂ ਦਾ ਮਿਸ਼ਨ ਪੂਰੇ ਭਾਰਤ ਵਿੱਚ 22 ਅੰਬੇਡਕਰਵਾਦੀ ਮਿਸ਼ਨਰੀ ਸਕੂਲ ਸਥਾਪਤ ਕਰਨਾ ਹੈ, ਨਕੋਦਰ ਦਾ ਸਮਰਾਟ ਅਸ਼ੋਕ ਪਬਲਿਕ ਸਕੂਲ 5ਵਾਂ ਸਕੂਲ ਹੈ) ਦੁਆਰਾ ਸਮਰਾਟ ਅਸ਼ੋਕ ਪਬਲਿਕ ਸਕੂਲ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ. ਇਸ ਮੀਟਿੰਗ ਦਾ ਸਮਾਂ ਸ਼ਾਮੀ 7 ਵਜੇ ਸੀ। ਇਸ ਮੀਟਿੰਗ ਦੇ ਵਿੱਚ ਸ੍ਰੀ ਹੁਸਨ ਲਾਲ ਜੀ, ਸ੍ਰੀ ਰੋਸ਼ਨ ਜੀ, ਸੁਰਿੰਦਰ ਕੁਮਾਰ, ਰਕੇਸ਼ ਕੁਮਾਰ, ਪਰਸ਼ੋਤਮ ਲਾਲ ਚੰਦਰ ਮੌਜੂਦ ਸਨ। ਸ੍ਰੀ ਸੋਹਣ ਲਾਲ ਗਿੰਡਾ ਜੀ ਦੁਆਰਾ ਮੁਹੱਲਾ ਡਾ. ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਿਖੇ ਬਣ ਰਹੇ ਸਮਰਾਟ ਅਸ਼ੋਕ ਪਬਲਿਕ ਸਕੂਲ ਦੇ ਬਾਰੇ ਵਿਚਾਰ ਚਰਚਾ ਕੀਤੀ ਅਤੇ ਮੈਂਬਰਸ਼ਿਪ ਨੂੰ ਹੋਰ ਅੱਗੇ ਵਧਾਉਣ ਦੇ ਲਈ ਕੁਝ ਵਿਸ਼ੇਸ਼ ਗੱਲਾਂ ਦੇ ਉੱਪਰ ਚਾਨਣਾ ਪਾਇਆ ਗਿਆ ਉਸ ਤੋਂ ਪਹਿਲਾਂ ਸ਼੍ਰੀ ਹੁਸਨ



ਲਾਲ ਜੀ ਹੁਣਾਂ ਨੇ ਆਪਣੀ ਗੱਲ ਨੂੰ ਵਿਸਥਾਰ ਪੂਰਵਕ ਰੱਖਦੇ ਹੋਏ ਮੈਂਬਰਸ਼ਿਪ ਨੂੰ ਅੱਗੇ ਵਧਾਉਣ ਦੇ ਲਈ ਆਪ ਖੁਦ ਨਾਲ ਜਾ ਕੇ ਕੰਮ ਕਰਾਉਣ ਦੇ ਲਈ ਆਪਣੇ ਆਪ ਨੂੰ ਬਚਨ ਵੱਧ ਕੀਤਾ। ਇਸ ਮੀਟਿੰਗ ਦੇ ਵਿੱਚ ਸ੍ਰੀ ਜਸਵੰਤ ਰਾਏ ਜੀ ਜਲੰਧਰ ਤੋਂ ਜਿਨਾਂ ਨੇ ਆਪਣੇ ਬੇਟੇ ਦੇ ਵਿਆਹ ਦੀ ਖੁਸ਼ੀ ਦੇ ਵਿੱਚ 5000/ ਰੁਪਏ ਸਮਰਾਟ ਅਸ਼ੋਕ ਪਬਲਿਕ ਸਕੂਲ, ਨਕੋਦਰ ਨੂੰ ਦਾਨ ਦਿੱਤੇ। ਅਸੀਂ ਧੰਨਵਾਦੀ ਹਾਂ।

# ਸੇਵਾਪੰਥੀ ਮਹਾਂਪੁਰਸ਼ਾਂ ਦੀ ਡੇਰਾ ਸੰਤ ਨਿਸ਼ਚਲ ਸਿੰਘ ਵਿਖੇ ਹੋਈ ਮੀਟਿੰਗ

## ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਨਗਰ-ਕੀਰਤਨ 9 ਨਵੰਬਰ ਨੂੰ

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਡੇਰਾ ਸੰਤ ਨਿਸ਼ਚਲ ਸਿੰਘ ਜੀ 'ਸੇਵਾਪੰਥੀ' ਥੜਾ ਸਾਹਿਬ, ਜੋੜੀਆਂ ਯਮੁਨਾ ਨਗਰ (ਹਰਿਆਣਾ) ਵਿਖੇ ਸ਼੍ਰੀਮਾਨ ਮਹੰਤ ਕਰਮਜੀਤ ਸਿੰਘ ਜੀ 'ਸੇਵਾਪੰਥੀ', ਪ੍ਰਧਾਨ ਸੇਵਾਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਬੀਤੇ ਦਿਨੀਂ ਮੀਟਿੰਗ ਹੋਈ । ਮੀਟਿੰਗ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਵੱਡੇ ਪੱਧਰ ਤੇ ਮਨਾਉਣ ਲਈ ਵਿਚਾਰਾਂ ਕੀਤੀਆਂ ਗਈਆਂ । ਮਹੰਤ ਸੁਰਿੰਦਰ ਸਿੰਘ ਜੀ ਅਤੇ ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਜਨਰਲ ਸਕੱਤਰ ਨੇ ਦੱਸਿਆ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਨੂੰ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ। ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਗੱਦੀ ਤੇ ਬਿਰ-ਾਜਮਾਨ ਹੋਏ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ 1702 ਈ: ਤੋਂ ਲੈ ਕੇ 1704 ਈ: ਤੱਕ ਲੜੇ ਗਏ ਜੰਗਾਂ ਯੁੱਧਾਂ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਭਾਈ ਕਨੱਈਆ ਜੀ ਨੇ ਜਲ ਛਕਾਉਣ ਅਤੇ ਮਲ੍ਹਮ-ਪੱਟੀ ਕਰਨ ਦੀ ਸੇਵਾ ਕੀਤੀ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰ ਸਦਕਾ ਹੀ ਭਾਈ ਕਨੱਈਆ ਜੀ ਤੋਂ ਪ੍ਰਚਲਿਤ 'ਸੇਵਾਪੰਥੀ' ਸੰਪਰਦਾਇ ਹੋਂਦ ਵਿੱਚ ਆਈ । ਸੇਵਾਪੰਥੀ ਸੰਪਰਦਾਇ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ 9 ਨਵੰਬਰ ਨੂੰ ਸਵੇਰੇ ਨਗਰ-ਕੀਰਤਨ ਡੇਰਾ ਸੰਤ ਨਿਸ਼ਚਲ ਸਿੰਘ ਜੀ, ਥੜਾ ਸਾਹਿਬ ਜੋੜੀਆਂ, ਯਮੁਨਾ ਨਗਰ ਤੋਂ ਆਰੰਭ ਹੋਵੇਗਾ। ਜੋ ਵੱਖ-ਵੱਖ ਮਾਰਗਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸ਼੍ਰੀ



ਅਨੰਦਪੁਰ ਸਾਹਿਬ ਪਹੁੰਚ ਸਮਾਪਤ ਹੋਵੇਗਾ । ਉਹਨਾਂ ਦੱਸਿਆ ਕਿ ਸੇਵਾਪੰਥੀ ਸੰਪਰਦਾਇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੋ ਵੀ ਸੇਵਾ ਲਈ ਹੁਕਮ ਕੀਤਾ ਜਾਵੇਗਾ , ਸੇਵਾਪੰਥੀ ਮਹਾਂਪੁਰਸ਼ ਉਹ ਸੇਵਾ ਕਰਨਗੇ । ਮੀਟਿੰਗ ਵਿੱਚ ਸ਼੍ਰੀਮਾਨ ਮਹੰਤ ਕਰਮਜੀਤ ਸਿੰਘ ਜੀ 'ਸੇਵਾਪੰਥੀ', ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਪਟਿਆਲਾ, ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ, ਮਹੰਤ ਮਹਿੰਦਰ ਸਿੰਘ ਜੀ 'ਸੇਵਾਪੰਥੀ' ਦਿੱਲੀ, ਮਹੰਤ ਬਲਵਿੰਦਰ ਸਿੰਘ ਜੀ 'ਸੇਵਾਪੰਥੀ' ਜਲੰਧਰ, ਮਹੰਤ ਸਲਵਿੰਦਰ ਸਿੰਘ ਜੀ 'ਸੇਵਾਪੰਥੀ' ਰੇਵਾੜੀ, ਮਹੰਤ ਗ਼ਜ਼ਬ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ, ਮਹੰਤ ਫਾਗਣ ਸਿੰਘ ਜੀ 'ਸੇਵਾਪੰਥੀ' ਜਲੰਧਰ, ਮਹੰਤ ਜਗਦੇਵ ਸਿੰਘ ਜੀ 'ਸੇਵਾਪੰਥੀ' ਰੇਵਾੜੀ, ਮਹੰਤ ਹਰਵਿੰਦਰ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ, ਸੰਤ ਆਸ਼ੀਸ਼ ਸ਼ਾਸਤਰੀ ਜੀ 'ਸੇਵਾਪੰਥੀ' ਕੈਥਲ (ਹਰਿਆਣਾ), ਸੰਤ ਸਤਿਨਾਮ ਸਿੰਘ ਜੀ ਅੰਮ੍ਰਿਤਸਰ, ਸੰਤ ਸਰਬਜੀਤ ਸਿੰਘ ਜੀ ਅੰਮ੍ਰਿਤਸਰ, ਸੰਤ ਹਰਪ੍ਰੀਤ ਸਿੰਘ ਜੀ ਜਲੰਧਰ ਹਾਜ਼ਰ ਸਨ। ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ' ਗੋਨਿਆਣਾ ਮੰਡੀ (ਬਠਿੰਡਾ) ਵਾਲੇ ਸਿਹਤ ਠੀਕ ਨਾ ਹੋਣ ਕਰਕੇ ਮੀਟਿੰਗ ਵਿੱਚ ਹਾਜ਼ਰ ਨਹੀਂ ਸਨ। ਇਸੇ ਤਰ੍ਹਾਂ ਮਹੰਤ ਪ੍ਰਿਤਪਾਲ ਸਿੰਘ ਜੀ 'ਸੇਵਾਪੰਥੀ' ਹੁਸ਼ਿਆਰਪੁਰ ਵਾਲੇ ਵੀ ਕੁਝ ਜ਼ਰੂਰੀ ਰੁਝੇਵਿਆਂ ਕਾਰਨ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕੇ । ਪ੍ਰੰਤੂ ਦੋਨਾਂ ਮਹਾਂਪੁਰਸ਼ਾਂ ਨੇ ਨਗਰ-ਕੀਰਤਨ ਵਿੱਚ ਸ਼ਾਮਲ ਹੋਣ ਦੀ ਪੂਰੀ ਸਹਿਮਤੀ ਦਿੱਤੀ । ਸ੍ਰ: ਪਰਮਜੀਤ ਸਿੰਘ ਮੱਕੜ ਦਿੱਲੀ ਦੇ ਬੇਟੇ ਕਰਮਜੀਤ ਸਿੰਘ ਵੱਲੋਂ ਭਾਈ ਕਨੱਈਆ ਜੀ ਦੇ ਜੀਵਨ ਤੇ ਇੱਕ ਏਨੀਮੇਸ਼ਨ ਫਿਲਮ ਬਣਾਈ ਜਾ ਰਹੀ ਹੈ। ਸੇਵਾਪੰਥੀ ਮਹਾਂਪੁਰਸ਼ਾਂ ਵੱਲੋਂ ਮਹੰਤ ਕਰਮਜੀਤ ਸਿੰਘ ਜੀ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਉਹਨਾਂ ਸਾਰੇ ਸੇਵਾਪੰਥੀ ਮਹਾਂਪੁਰਸ਼ਾਂ ਨੂੰ 9 ਨਵੰਬਰ ਨੂੰ ਨਗਰ-ਕੀਰਤਨ ਵਿੱਚ ਪਹੁੰਚਣ ਲਈ ਵੀ ਸਨਿਮਰ ਬੇਨਤੀ ਕੀਤੀ ।

# AMRITDHARI SIKH TARLOCHAN SINGH RECOGNISED FOR PROMOTING MAA BOLI PUNJABI AND SIKH RELIGION AT GURU KASHI UNIVERSITY INDIA

## VIRK KEEPS WATERING PUNJABI LANGUAGE AND SIKH RELIGION WITH PURE LOVE

An Amritdhari Sikh Tarlochan Singh Virk Co-Ordinator of Punjabi Listeners Club, formed on the 3rd Anniversary of BBC Radio Leicester's Punjabi Programme on 9th September 1995 was recognised at Guru Kashi University, Talwandi Sabo, Bathinda, Punjab, India on 15 October 2025 for his excellent Service of promoting Maa Boli Punjabi, Culture and Sikh religion for over 30 years.

In celebration of the club's 1st anniversary at Guru Nanak Gurdwara the youngest of the Punjabi School's 100 students presented a well deserved trophy to Gurpreet, main presenter of the BBC's Punjabi Programme who was chosen by the Leicestershire's Punjabi community to present the historic radio programme which became very popular throughout the Midlands areas in cities that included Derby, Nottingham, Birmingham, Peterborough, Coventry, Northampton, Wolverhampton.

With Waheguru ji kirpa the Punjabi Listeners Club has organised:

Turban tying competitions for boys and girls aged 7 years to 18 years in Uk and Punjab.

Punjabi Writing Competitions for over 400 students in UK and Punjab.

Trips to see exhibitions of Sikhs' Contributions in World Wars and Maharaja Ranjit Singh Kursi in London and National Sikh Museum in Derby.

Celebrations of International Mother Language Day annually.

Events in libraries, community centre and different Gurdwaras of Leicester, Coventry and Derby.

Opening of Overdale Punjabi School

Trips to Gurdwaras for school children, cubs, scouts and members of other faiths.

Health Events in Gurdwara Sahib so Sikh community can make better choices to improve their health.

Donated 101 Nitnem Gutkas to University Hospitals of Leicester.

Some of the very special celebrations organised by the club included:

410th anniversary of the 1st installation of Ade Granth at Sri Harmandar Sahib, Sri Amritsar at Guru Tegh Bahadur Gurdwara where first founder of Leicester Gurdwara was awarded with replica Golden Temple model with different shabads. Mansukhpreet Kaur Khalsa was presented with 24 carrot gold khanda for her remarkable ability of reciting Sahej Pathh at age 6 years.

12th anniversary of BBC Radio Leicester's Punjabi Programme which was well attended and extensively covered in Punjabi newspapers, radio stations and television. Guests included Lord Mayor of Leicester and 1st





ever Sikh MP.

Dinner for Business community leaders of Leicester where the Guest of Honour was Narinder Singh Nanda, President Hotels and Restaurants of Punjab. Gurjeet Kaur Bains of Eastern Media Group was recognised for Services to Business Community of Birmingham.

National Punjabi Language Seminars in celebration of club's 20th and 30th anniversary.

Punjab United Derby Under 13s and GNG Leicester Under 9s football teams were awarded for winning all five National Summer Football Tournaments in Gurdwara Sahibs in Derby and Leicester.

During the last 30 years the voluntary organisation Punjabi Listeners Club has raised thousands of pounds for UK registered charities such as-

Children in Need

Wishes4Kids

Alzheimer's Society

LOROS Hospice

British Heart Foundation

Roko Cancer

Various Lord Mayor of Leicester's different Charities

Khalsa Aid International

Punjabi Listeners Club has awarded Lifetime Achievement Awards to Channi Alaap OBE, Giani Balwinder Singh Rangila and Dr. Jagat Singh Nagra.

Writer, Poet who takes keen interest in sports especially football Tarlochan Singh was:

Awarded at Punjabi Bhavan, Ludhiana in presence of Dr. Surjit Pattar Ji.

Awarded by Punjabis in Britain All Part Parliamentary Group at House of Commons, London.

Chosen to meet Her Majesty the Queen during her Golden Jubilee visit to Leicester.

Chosen to represent Sikh Community's campaign for better services through Ethnic Monitoring Petition at Prime Minister's residence 10 Downing Street.



Invited to 6th Sikh American Heritage Dinner at White House, Capitol Hill, Washington DC, USA.

During his visit to Takhat Sri Dam Dama Sahib (Guru Kashi), he also saw Gurdwara Likhannsar Sahib Patshahi 10 vi, Manji Sahib Patshahi 9vi, Gurdwara Sri Dam Dama Sahib Patshahi 10 vi. At the University Virk visited GKU Arts Department, Guru Nanak Chair Research, Bhai Mardana ji Research Centre, Sports Department and was extensively interviewed by Manpreet Kaur Brar, Head of GKU Radio.

Tarlochan Singh was presented with a Loee by Pro Vice Chancellor Prof: Dr Jagtar Singh Dhiman and with a trophy by the Vice Chancellor Dr. Rameshwar Singh of Guru Kashi University.

Tarlochan Singh hails from Doaba's historic village Virk which is adjacent to village of world-renowned Punjabi singer and actor Diljit Dosanjh.



for more news visit:
www.samajweekly.com

# ਪੰਜਾਬੀ ਸੂਬਾ – 1 ਨਵੰਬਰ 1966 ਸੰਘਰਸ਼ ਤੋਂ ਅੱਜ ਤੱਕ

ਪੰਜਾਬੀ ਸੂਬੇ ਦੀ ਮੰਗ ਆਜ਼ਾਦੀ ਤੋਂ ਬਾਅਦ 1948 ਵਿੱਚ ਉੱਦੋਂ ਉਠੀ, ਜਦੋਂ ਨਵੇਂ ਰਾਜ ਬਣਾਉਣ ਦੀ ਗੱਲ ਤੁਰੀ। ਪੰਜਾਬੀ ਭਾਸ਼ਾ ਅਤੇ ਪੰਜਾਬ ਦੀ ਵੱਖਰੀ ਪਛਾਣ ਦੀ ਰੱਖਿਆ ਦੇ ਅਧਾਰ ਤੇ ਪੰਜਾਬੀ ਸੂਬੇ ਦੀ ਮੰਗ ਅਕਾਲੀ ਦਲ ਵੱਲੋਂ ਕੀਤੀ ਗਈ।

ਸਿੱਖਾਂ ਨਾਲ ਇੱਕ ਵਾਅਦਾ 6 ਜੁਲਾਈ 1947 ਨੂੰ ਕਾਂਗਰਸ ਪ੍ਰਧਾਨ ਪੰਡਿਤ ਨਹਿਰੂ ਨੇ ਕੀਤਾ ਸੀ, “The brave iSkhs of Punjab are enittled to speical conisderaiton. I see notihng wrongi n an area and a set upi n the North wherien the iSkhs can also expeirence the glow of freedom.”

ਜਿਸਦਾ ਪੰਜਾਬੀ ਵਿੱਚ ਅਰਥ ਹੈ ਕਿ “ਪੰਜਾਬ ਦੇ ਬਹਾਦੁਰ ਸਿੱਖ ਵਿਸ਼ੇਸ਼ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ ਵਿੱਚ ਕੋਈ ਔਖਿਆਈ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਏ, ਜਿਥੇ ਸਿੱਖ ਵੀ ਸੁਤੰਤਰਤਾ ਦਾ ਨਿੱਘ ਮਾਣ ਸਕਣ ।”ਪਰ, ਪ੍ਰਧਾਨ ਮੰਤਰੀ ਬਣਨ ਤੇ ਨਹਿਰੂ ਆਪਣੇ ਹੀ ਬਿਆਨ ਤੋਂ ਟਾਲ-ਮਟੋਲ ਕਰਨ ਲੱਗੇ। 1950 ਦੇ ਦਹਾਕੇ ਵਿੱਚ ਅਕਾਲੀ ਦਲ ਨੇ ਇਸ ਮੰਗ ਨੂੰ ਹੋਰ ਜ਼ੋਰ ਨਾਲ ਉਠਾਇਆ, ਕਿ ਜਿਵੇਂ ਹੋਰ ਸੂਬੇ, ਬੰਗਾਲ, ਤਾਮਿਲਨਾਡੂ, ਆਂਧਰਾ, ਭਾਸ਼ਾ ਦੇ ਅਧਾਰ ਤੇ ਬਣੇ ਹਨ ਉਵੇਂ ਹੀ ਪੰਜਾਬੀ ਬੋਲਣ ਵਾਲਿਆਂ ਲਈ ਪੰਜਾਬੀ ਸੂਬਾ ਵੀ ਬਣੇ। 22 ਦਸੰਬਰ 1953 ਈ. ਨੂੰ ਜਦੋਂ ਪ੍ਰਾਂਤਾਂ ਦੀ ਨਵੀਂ ਹੱਦਬੰਦੀ ਤੇ ਪੁਨਰਗਠਨ ਲਈ ਕਮਿਸ਼ਨ ਬਣਿਆ ਅਤੇ ਲੋਕਾਂ ਤੋਂ ਸੁਝਾਅ ਮੰਗੇ ਗਏ ਤਾਂ ਸਮੇਂ ਦੀ ਪੰਜਾਬ ਸਰਕਾਰ, ਜਨਸੰਘ- ਬੀਜੇਪੀ ਭਾਰਤੀ ਜਨਤਾ ਪਾਰਟੀ ਤੇ ਆਰੀਆ ਸਮਾਜ ਨੇ ‘ਪੰਜਾਬੀ ਭਾਸ਼ਾ’ ਦੇ ਅਧਾਰ ਤੇ ਸੂਬਾ ਬਣਾਉਣ ਦਾ ਵਿਰੋਧ ਕੀਤਾ, ਅਤੇ ਨਾਲ ਹੀ ਪੰਜਾਬ ਅਤੇ ਹਿਮਾਚਲ ਨੂੰ ਇਕੱਠਾ ਕਰਨ ਸੁਝਾਅ ਵੀ ਦਿੱਤਾ। ਕੁਝ ਹਿੰਦੂ ਪਰਿਵਾਰਾਂ ਵੀ ਇਸ ਪ੍ਰਭਾਵ ਹੇਠ ਆ ਕੇ ਮਰਦਮਸ਼ੁਮਾਰੀ (ਛਣਨਸੁਸ) ਵਿੱਚ ਆਪਣੀ ਮਾਂ-ਬੋਲੀ “ਪੰਜਾਬੀ” ਦੀ ਥਾਂ “ਹਿੰਦੀ” ਲਿਖਵਾਈ, ਤਾਂ ਜੋ ਪੰਜਾਬੀ-ਬੋਲਣ ਵਾਲੇ ਇਲਾਕਿਆਂ ਦੀ ਗਿਣਤੀ ਘੱਟ ਹੋਵੇ ਅਤੇ ਪੰਜਾਬੀ ਸੂਬੇ ਦੀ ਮੰਗ ਕਮਜ਼ੋਰ ਪਵੇ।ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮੈਮੋਰੰਡਮ ਦਿੱਤਾ, 11 ਫ਼ਰਵਰੀ 1955 ਵਿੱਚ ਅੰਮ੍ਰਿਤਸਰ ਵਿੱਚ ਮੁੜ “ਪੰਜਾਬੀ ਸੂਬਾ ਰਿਜ਼ੋਲੂਸ਼ਨ” ਪਾਸ ਕੀਤਾ ਗਿਆ (ਪਹਿਲੀ ਵਾਰ ਪੰਜਾਬੀ ਸੂਬਾ ਰਿਜ਼ੋਲੂਸ਼ਨ 1949 ਵਿੱਚ ਪਾਸ ਕੀਤਾ ਗਿਆ ਸੀ)। ਪਰ ਕਾਂਗਰਸ ਅਤੇ ਭਾਰਤ ਸਰਕਾਰ, ਬੀਜੇਪੀ ਅਤੇ ਆਰੀਆ ਸਮਾਜ ਇਹਦੇ ਵਿਰੋਧ ਵਿੱਚ ਭੁਗਤੇ।ਪੰਜਾਬੀ ਭਾਈਚਾਰੇ ਵਿੱਚ ਰੋਸ ਵਧਦਾ ਗਿਆ ਤੇ 1955 ਤੋਂ ਲੈ ਕੇ 1966 ਤੱਕ ਇਹ ਅੰਦੋਲਨ ਲਗਾਤਾਰ ਚੱਲਦਾ ਰਿਹਾ, ਪਿੰਡਾਂ, ਸ਼ਹਿਰਾਂ ਵਿੱਚ ਮੀਟਿੰਗਾਂ, ਧਰਨੇ, ਰੈਲੀਆਂ ਹੋਈਆਂ, ਗ੍ਰਿਫ਼ਤਾਰੀਆਂ ਹੋਈਆਂ, ਭੁੱਖ ਹੜਤਾਲਾਂ ਕੀਤੀਆਂ ਗਈਆਂ ਅਤੇ ਕਈ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ। ਇਸ ਅੰਦੋਲਨ ਦੀ ਅਗਵਾਈ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਅਤੇ ਬਾਅਦ ਵਿੱਚ ਸੰਤ ਫਤੇਹ ਸਿੰਘ ਨੇ ਕੀਤੀ। ਸਰਕਾਰ ਭਾਵੇਂ ਇਸ ਮਸਲੇ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਰਹੀ ਪਰ ਇਹ ਅੰਦੋਲਨ ਲਗਾਤਾਰ ਜ਼ੋਰ ਫੜਦਾ ਗਿਆ ਅਤੇ ਲੰਬੇ ਸਮੇਂ ਤੱਕ ਸ਼ਾਂਤੀਪੂਰਨ ਤਰੀਕੇ ਨਾਲ ਚੱਲਦਾ ਰਿਹਾ। ਉਨੀਂ ਦਿਨੀਂ "ਪੰਜਾਬੀ ਬੋਲੀ ਦੀ ਜੈ-ਜੈ ਕਾਰ" ਦੇ ਬਣੇ ਨਾਅਰਿਆਂ ਅਤੇ ਖਾਲਸਾਈ "ਚੜ੍ਹਦੀਕਲਾ" ਦੇ ਜੈਕਾਰਿਆਂ ‘ਤੇ ਪਾਬੰਦੀ ਲਾ ਦਿੱਤੀ ਗਈ ਸੀ।

1960-1962 ਚੋਣਾਂ ਦੌਰਾਨ ਪੰਜਾਬੀ ਸੂਬੇ ਦਾ ਨਾਹਰਾ ਗੂੰਜਿਆ, ਪਬੰਦੀਆਂ ਅਤੇ ਕੁਰਬਾਨੀਆਂ ਦੇ ਬਾਵਜੂਦ ਪੰਜਾਬੀ ਸੂਬੇ ਦੀ ਮੰਗ ਹੋਰ ਪੱਕੀ ਹੁੰਦੀ ਗਈ।ਅਖੀਰ, ਲੋਕਾਂ ਦੇ ਲਗਾਤਾਰ ਸੰਘਰਸ਼ ਮੂਹਰੇ ਝੁਕ ਕੇ, ਕੇਂਦਰ ਸਰਕਾਰ ਨੇ ਪੰਜਾਬ ਦੀ ਵੰਡ ਦਾ ਫ਼ੈਸਲਾ ਲਿਆ, ਅਤੇ 18 ਸਾਲ ਦੇ ਲੰਬੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਨੇ ਇਹ ਮੰਗ ਮੰਨ ਲਈ ਅਤੇ ਅਖੀਰ ਅੱਜ ਤੋਂ 59 ਸਾਲ ਪਹਿਲਾਂ 1 ਨਵੰਬਰ 1966 ਨੂੰ "ਪੰਜਾਬੀ ਸੂਬਾ" ਬਣ ਗਿਆ। ਪੰਜਾਬੀ-ਬੋਲਦੇ ਇਲਾਕੇ ਮੌਜੂਦਾ ਪੰਜਾਬ ਰਾਜ ਬਣੇ, ਹਿੰਦੀ-ਬੋਲਦੇ ਇਲਾਕੇ ਨਵਾਂ ਹਰਿਆਣਾ ਰਾਜ ਬਣਿਆ ਅਤੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ ਵਿੱਚ ਸ਼ਾਮਲ ਕੀਤੇ ਗਏ।

ਭਾਵੇਂ ਕਿ ਇਹ ਵੰਡ ਪੂਰੀ ਤਰ੍ਹਾਂ ਨਿਰਪੱਖ ਨਹੀਂ ਸੀ, ਕਿਉਂਕਿ ਕਈ ਪੰਜਾਬੀ-ਬੋਲਦੇ ਇਲਾਕੇ ਹਰਿਆਣਾ ਵਿੱਚ ਰਹਿ ਗਏ ਅਤੇ ਚੰਡੀਗੜ੍ਹ ਹਾਲੇ ਤੱਕ ਵੀ ਪੰਜਾਬ ਨੂੰ ਨਹੀਂ ਮਿਲਿਆ। ਇਸ ਵੰਡ ਦਾ ਇੱਕ ਹੋਰ ਨਾ-ਇਨਸਾਫ਼ੀ ਵਾਲਾ ਪਹਿਲੂ, ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ ਤਹਿਤ ਦਰਿਆਈ ਪਾਣੀਆਂ (ਰਾਵੀ-ਬਿਆਸ) ਦੀ ਵੰਡ ਦਾ ਮਾਮਲਾ ਵੀ ਕੇਂਦਰ ਦੇ ਹੱਥਾਂ ਵਿੱਚ ਹੀ ਰਿਹਾ। ਜਿਸ ਨਾਲ ਪੰਜਾਬ ਦੇ ਰਿਪੇਰੀਅਨ ਹੱਕਾਂ ਨੂੰ ਦਰਕਿਨਾਰ ਕਰਕੇ ਸਾਡਾ ਪਾਣੀ ਦੂਜੇ ਸੂਬਿਆਂ ਨੂੰ ਦਿੱਤਾ ਗਿਆ, ਜੋ ਕਿਸਾਨੀ ਸੰਕਟ ਤਾਂ ਹੈ ਹੀ, ਪਰ ਇਸਦਾ ਇੱਕ ਨਤੀਜਾ ਅਸੀਂ ਹਾਲ ਹੀ ਵਿੱਚ ਹੜ੍ਹਾਂ ਵੱਲੋਂ ਲਿਆਂਦੀ ਤਬਾਹੀ ਦੇ ਰੂਪ ਵਿੱਚ ਵੀ ਭੁਗਤ ਚੁੱਕੇ ਹਾਂ।

ਹੁਣ ਗੱਲ ਕਰੀਏ ਅੱਜ ਦੀ, ਅਗਾਂਹ ਦੀ...

ਜਿਸ ਖਿੱਤੇ ਦੀ ਬੋਲੀ, ਇਤਿਹਾਸ, ਸੱਭਿਆਚਾਰ, ਆਰਥਿਕ ਹੱਕਾਂ ਅਤੇ ਪਛਾਣ ਨੂੰ ਬਚਾਉਣ ਲਈ ਪੰਜਾਬੀ ਸੂਬਾ ਲਿਆ, ਸੰਘਰਸ਼ ਕੀਤੇ, ਕੁਰਬਾਨੀਆਂ ਦਿੱਤੀਆਂ, ਸ਼ਹੀਦ ਹੋਏ, ਕੀ ਅੱਜ ਦਾ ਪੰਜਾਬ ਉੱਥੇ ਖੜ੍ਹਾ ਹੈ? ਕੀ ਇਹ ਉਹੀ ਪੰਜਾਬ ਹੈ ਜਿਸਦਾ ਸੁਪਨਾ ਸਾਡੇ ਬਜ਼ੁਰਗਾਂ ਨੇ ਦੇਖਿਆ ਸੀ?

ਅਸੀਂ ਆਪਣੀ ਮਾਤ ਬੋਲੀ ਵਿੱਚ ਪੜ੍ਹਨਾ, ਲਿਖਣਾ, ਬੋਲਣ ਵਿੱਚ ਹੀਣਤਾ ਮੰਨਦੇ ਹਾਂ। ਪੰਜਾਬ ਦੇ ਸ਼ਹਿਰਾਂ ਵਿੱਚ ਹੀ, ਘਰਾਂ, ਬਜ਼ਾਰਾਂ ਵਿੱਚੋਂ ਸਾਡੀ ਬੋਲੀ ਗਾਇਬ ਹੈ, ਹਿੰਦੀ ਬੋਲਣ ਨੂੰ ਉੱਚਾ ਰੁਤਬਾ ਮੰਨਦੇ ਹਾਂ। ਲੋਕ ਆਪਣੀ ਭਾਸ਼ਾ ਛੱਡ ਕੇ ਹਿੰਦੀ, ਅੰਗਰੇਜ਼ੀ ਬੋਲਣ ਵਿੱਚ ਸ਼ਾਨ ਸਮਝਦੇ ਹਨ। ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਘੱਟ ਗਈ ਹੈ।

ਪੰਜਾਬ ਦੇ ਜੰਮਪਲ ਬੱਚਿਆਂ ਨੂੰ ਗੁਰਮੁਖੀ ਲਿਪੀ ਵਿੱਚ ਪੜ੍ਹਨਾ ਤੇ ਲਿਖਣਾ ਔਖਾ ਲੱਗਦਾ ਹੈ, ਇਹ ਸਿਰਫ ਚਿੰਤਾ ਨਹੀਂ ਸਗੋਂ ਸ਼ਰਮ ਦੀ ਗੱਲ ਹੈ।ਸਾਨੂੰ ਵਹਿਮ ਹੈ ਕਿ ਸ਼ਾਇਦ ਅੰਗਰੇਜ਼ੀ ਅਤੇ ਹਿੰਦੀ ਹੀ ਪੜ੍ਹਿਆ ਲਿਖਿਆਂ ਦੀ ਭਾਸ਼ਾ ਹੈ।

ਬਾਕੀ ਪੰਜਾਬੀ ਭਾਸ਼ਾ ਦਾ ਜੋ ਹਾਲ ਸਾਡੇ ਅਦਾਰਿਆਂ, ਹਾਕਮਾਂ ਅਤੇ ਅਸੀਂ ਆਪ ਕੀਤਾ ਹੈ, ਉਸਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਡੇ ਸਕੂਲਾਂ, ਕਾਲਜਾਂ ਵਿੱਚ ਪੰਜਾਬੀ ਨਾ-ਮਾਤਰ ਹੈ।

ਸਾਫ਼ ਕਰ ਦੇਵਾਂ ਕਿ ਭਾਸ਼ਾ ਕੋਈ ਮਾੜੀ ਨਹੀਂ ਹੁੰਦੀ, ਹਰ ਭਾਸ਼ਾ ਸਿੱਖਣੀ ਚਾਹੀਦੀ ਹੈ ਪਰ ਆਪਣੀ ਹੀ ਬੋਲੀ ਬੋਲਣ, ਪੜ੍ਹਨ ਵਿੱਚ ਸ਼ਰਮ ਕਿਉਂ?

ਸਰਕਾਰੀ ਵਾਅਦੇ ਖ਼ੋਖਲੇ ਹਨ। ਪੰਜਾਬੀ ਦਿਵਸ ਮਨਾਉਣ ਵਾਲੀ ਸਰਕਾਰ ਦੇ ਆਪਣੇ ਪ੍ਰਚਾਰ, ਇਸ਼ਤਿਹਾਰ, ਸਰਕਾਰੀ ਦਫ਼ਤਰਾਂ ਦੀਆਂ ਜਾਣਕਾਰੀਆਂ, ਸੂਚਨਾਵਾਂ, ਖ਼ਬਰਾਂ, ਵੈਬਸਾਈਟ, ਟੈਂਡਰ, ਪੱਤਰ-ਵਿਹਾਰ ਸਾਰਾ ਕੁਝ ਹਿੰਦੀ ਜਾਂ ਅੰਗਰੇਜੀ ਵਿੱਚ ਹੁੰਦਾ ਹੈ। ਨੌਕਰੀਆਂ ਵਿੱਚ ਪੰਜਾਬੀ ਭਾਸ਼ਾ ਰਾਖਵੀਂ ਕਰਨ ਤੋਂ ਸਰਕਾਰ ਨੂੰ ਗੁਰੇਜ਼ ਹੈ। ਪ੍ਰਸ਼ਾਸਕੀ ਨੌਕਰੀਆਂ ਵਿੱਚ ਪੰਜਾਬ ਤੋਂ ਬਾਹਰਲੇ ਲੋਕਾਂ ਦੀ ਭਰਤੀ ਪੰਜਾਬ ਨਾਲੋਂ ਜਿਆਦਾ ਹੁੰਦੀ ਹੈ ਅਤੇ ਉਹਨਾਂ ਨੂੰ ਪੰਜਾਬੀ ਬੋਲੀ ਅਤੇ ਪੰਜਾਬੀ ਹੋਣ ਦੀਆਂ ਸ਼ਰਤਾਂ ਤੋਂ ਛੋਟ ਦਿੱਤੀ ਜਾਂਦੀ ਹੈ।

ਪੰਜਾਬ ਤੋਂ ਬਾਹਰੋਂ ਭਰਤੀਆਂ ਕਰਦੀ ਸਰਕਾਰ, ਪੰਜਾਬੀ ਸੂਬੇ ਪ੍ਰਤੀ ਆਪਣੇ ਫਰਜ਼ ਅਤੇ ਪੰਜਾਬ ਦੀ ਬੇਰੁਜ਼ਗਾਰੀ ਭੁੱਲ ਜਾਂਦੀ ਹੈ, ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨ ਸੜਕਾਂ ਉਪਰ ਰੁੱਲਦੇ ਹਨ।

ਨੌਕਰੀਆਂ ਵਿੱਚ ਪੰਜਾਬੀਆਂ ਨੂੰ ਪਹਿਲ ਕਿਉਂ ਨਹੀਂ ਦਿੱਤੀ ਜਾਂਦੀ? ਕੀ ਆਦਰਿਆਂ, ਭਾਸ਼ਾ ਵਿਭਾਗ ਦੀ ਜ਼ੁੰਮੇਵਾਰੀ ਨਹੀਂ ਬਣਦੀ ਕਿ ਉਹ ਸਰਕਾਰ ਦੇ ਇਹ ਦੋਹਰੇ ਮਾਪ ਦੰਡ ਉਪਰ ਸਵਾਲ ਚੁੱਕਣ?

ਨੌਕਰੀਆਂ ਪਹਿਲਾਂ ਹੀ ਘੱਟ ਹਨ, ਰਹਿੰਦੀਆਂ ਖੂੰਹਦੀਆਂ ਸਰਕਾਰੀ ਭਰਤੀਆਂ ਸੂਬੇ ਤੋਂ ਬਾਹਰ ਵਾਲਿਆਂ ਦੇ ਹੱਕ ਵਿੱਚ ਭੁਗਤ ਜਾਂਦੀਆਂ ਹਨ। ਫ਼ਿਰ ਜੇ ਪੰਜਾਬੀ ਜਵਾਨ ਰੋਜ਼ਗਾਰ ਦੀ ਤਲਾਸ਼ ਵਿੱਚ ਵਿਦੇਸ਼ਾਂ ਵੱਲ ਰੁਖ ਨਾ ਕਰਨ ਤਾਂ ਕੀ ਕਰਨ? ਵੱਧਦੀ ਬੇਰੁਜ਼ਗਾਰੀ ਨੌਜਵਾਨਾਂ ਨੂੰ ਅਪਰਾਧ ਅਤੇ ਨਸ਼ਿਆਂ ਵੱਲ ਤੋਰ ਰਹੀ ਹੈ।

ਸਕੂਲਾਂ, ਕਾਲਜਾਂ ਦੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ, ਪੰਜਾਬ ਦੇ ਇਤਿਹਾਸ ਨਾਲ ਛੇੜ-ਛਾੜ੍ਹ ਹੁੰਦੀ ਹੈ, ਅਤੇ ਇਤਿਹਾਸ ਨੂੰ ਤੋੜ ਮਰੋੜ ਕੇ ਬੱਚਿਆਂ ਨੂੰ ਪੜ੍ਹਾ ਕੇ ਉਹਨਾਂ ਨੂੰ ਉਹਨਾਂ ਦੇ ਇਤਿਹਾਸ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ, ਕੀ ਇਹ ਵਤੀਰਾ ਪੰਜਾਬੀ ਸੂਬੇ ਦੇ ਅਧਾਰ ਨਾਲ ਮੇਲ ਖਾਂਦਾ ਹੈ?

ਸਮਾਜ ਵੀਕਲੀ ਨਿਊਜ

ਪੰਜਾਬੀ ਭਾਸ਼ਾ ਅਤੇ ਇਤਿਹਾਸ ਦੇ ਅਧਾਰ ਤੇ ਲਏ ਇਸ ਸੂਬੇ ਵਿੱਚ, ਕੁਰਸੀ ਅਤੇ ਲਾਲਚ ਦੀ ਰਾਜਨੀਤੀ, ਸੂਬੇ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ, ਸਾਡੇ ਇਤਿਹਾਸ ਅਤੇ ਸੂਬੇ ਦਾ ਸ਼ਰੇਆਮ ਘਾਣ ਕਰ ਰਹੀ ਹੈ?

ਜਿਸ ਪਛਾਣ ਨੂੰ ਜਿਉਂਦਾ ਰੱਖਣ ਲਈ "ਪੰਜਾਬੀ ਸੂਬਾ" ਲਿਆ ਸੀ

ਅੱਜ ਉਹੀ ਪਛਾਣ ਤੇ ਸੰਸਕ੍ਰਿਤੀ, ਖਿੱਤਾ, ਇਤਿਹਾਸ, ਅਤੇ ਸਾਡੀ ਉਹੀ ਰਿਆਸਤ ਸਾਡੇ ਹੱਥਾਂ ਵਿੱਚੋਂ ਰੇਤ ਵਾਂਗੂ ਰੋਜ਼ਾਨਾ ਕਿਰ ਰਹੀ ਹੈ।

ਜਿਹੜੀ ਧਰਤੀ ਕਦੇ ਗੁਰਾਂ, ਪੀਰਾਂ ਤੇ ਸ਼ਹੀਦਾਂ ਦੀਆਂ ਵਾਰਾਂ ਗਾਉਂਦੀ ਸੀ ਅੱਜ ਉਸੇ ਦੇ ਗੀਤਾਂ ਨੂੰ ਹਥਿਆਰ, ਨਸ਼ੇ, ਅਤੇ ਲੱਚਰਤਾ ਤੋਂ ਬਿਨਾਂ ਸਫ਼ਲਤਾ ਦਾ ਰਾਹ ਨਹੀਂ ਲੱਭ ਰਿਹਾ।

ਆਰਥਿਕ ਤੇ ਸਮਾਜਿਕ ਹਾਲਾਤ ਇਹ ਹਨ ਕਿ ਅੰਨਦਾਤਾ ਕਹਾਉਣ ਵਾਲਾ ਪੰਜਾਬ ਦਾ ਕਿਸਾਨ, ਅੱਜ ਕਰਜ਼ਿਆਂ ਵਿੱਚ ਡੁੱਬਿਆ ਹੋਇਆ ਹੈ। ਕਦੇ ਕੁਦਰਤੀ ਕਰੋਪੀਆਂ, ਕਦੇ ਹਾਕਮਾਂ ਅਤੇ ਉਦਯੋਗਪਤੀਆਂ ਦੇ ਲਾਲਚ, ਫ਼ਸਲ ਦਾ ਮੁੱਲ ਨਹੀਂ ਮਿਲਦਾ, ਮਹਿੰਗੇ ਬੀਜ, ਖਾਦਾਂ, ਮਸ਼ੀਨਰੀ, ਸਾਰਾ ਕੁਝ ਧਨਾਢਾਂ ਦੇ ਰਹਿਮ ਤੇ ਹੈ।ਕਸੂਰਵਾਰ ਅਸੀਂ ਵੀ ਹਾਂ ਬਹੁਤਾ ਉੱਚਾ ਦਿੱਖਣ ਦਾ ਸ਼ੌਂਕ ਸਾਨੂੰ ਨਿੱਘਾਰ ਵੱਲ ਲੈ ਤੁਰਿਆ ਹੈ।

ਉਦਯੋਗਪਤੀਆਂ ਆਪਣੇ ਲਾਲਚ ਦੇ ਵੱਸ ਸੂਬੇ ਦੀ ਹਵਾ, ਪੌਣ, ਪਾਣੀ, ਧਰਤੀ, ਸਾਰਾ ਕੁਝ ਹੀ ਗੰਧਲਾਂ ਕਰ ਛੱਡਿਆ ਹੈ, ਅੱਜ ਪੰਜਾਬ ਦੇ ਦਰਿਆਵਾਂ ਦੇ ਪਾਣੀ ਜ਼ਹਿਰ ਵੰਡਦੇ ਹਨ, ਬਿਮਾਰੀਆਂ ਫੈਲਾਉਂਦੇ ਹਨ। ਪਰ ਦਰਿਆਵਾਂ ਦੇ ਦਾਅਵੇਦਾਰ ਚੁੱਪ-ਚਾਪ ਤਮਾਸ਼ਾ ਦੇਖਦੇ ਹਨ।

ਪੰਜਾਬ ਦੀ ਧਰਤੀ ਪੰਜਾਬ ਤੋਂ ਬਾਹਲੇ ਲੋਕਾਂ ਵੱਲੋਂ ਕੀਤੇ ਜਾ ਰਹੇ ਨਜਾਇਜ਼ ਕਬਜ਼ੇ ਪੰਜਾਬੀ ਸੂਬੇ ਨੂੰ ਮੂੰਹ ਚੜ੍ਹਾਉਂਦੇ ਹਨ।

ਸਰਕਾਰੀ ਤੰਤਰ ਤਾਣਾ ਬਾਣਾ ਇੰਨਾ ਕੁ ਉਲਝਿਆ ਪਿਆ ਕਿ ਚਾਰੇ ਪਾਸੇ ਰਿਸ਼ਵਤਾਂ, ਚੌਧਰਾਂ ਅਤੇ ਆਹੁਦਿਆਂ ਦੀ ਲੁੱਟ ਦਾ ਜ਼ੋਰ ਹੈ।

ਰਾਜਨੀਤਿਕ ਪ੍ਰਭਾਵ ਅਤੇ ਪ੍ਰਸ਼ਾਸਕੀ ਲਾਪਰਵਾਹੀ ਵਧ ਰਹੀ ਹੈ, ਲੀਡਰ ਆਪਣੀ ਕੁਰਸੀ ਕਾਇਮ ਰੱਖਣ ਲਈ ਪੰਜਾਬ, ਪੰਜਾਬੀਆਂ ਦੇ ਬੇੜਾ ਗਰਕ ਕਰਨ ਵੱਲ ਤੁਰੇ ਹਨ ਜਾਂ ਇਹ ਸਭ ਕਿਸੇ ਸੋਚੀ ਸਮਝੀ ਚਾਲ ਦਾ ਕੋਈ ਹਿੱਸਾ ਹੈ।

ਪੰਜਾਬੀ ਸੂਬਾ ਸਾਰੇ ਪੰਜਾਬੀਆਂ ਦਾ ਹੈ ਪਰ ਸਾਨੂੰ ਜਾਤਾਂ ਧਰਮਾਂ ਵਿੱਚ ਪਾ ਕੇ ਰੋਜ਼ ਵੰਡਿਆਂ ਜਾ ਰਿਹਾ ਹੈ ਪਰ ਸਾਨੂੰ ਉਲਝਾਉਣਾ ਐਨਾ ਕੁ ਸੌਖਾ ਹੈ ਕਿ ਸਾਨੂੰ ਆਪਣਾ ਹੀ ਨੁਕਸਾਨ ਨਜ਼ਰੀਂ ਨਹੀਂ ਆ ਰਿਹਾ।

ਕੀ ਇਸੇ ਸਭ ਲਈ ਪੰਜਾਬੀ ਸੂਬਾ ਲਿਆ ਗਿਆ ਸੀ, ਜੇ ਇਹੀ ਸਭ ਹੋਣਾ ਸੀ ਤਾਂ ਫ਼ਿਰ ਵੱਖਰੇ ਰਾਜ ਦੀ ਮੰਗ ਕਿਉਂ ਕੀਤੀ ਗਈ।

ਹਰ ਸਾਲ ਪੰਜਾਬੀ ਸੂਬੇ ਦਾ ਨਾਹਰਾ ਲਾਉਣ ਨਾਲ ਜਾਂ ਮੰਗ ਕਰਨ ਵਾਲਿਆਂ ਨੂੰ ਦੋਸ਼ ਦੇਣ ਨਾਲ ਤਾਂ ਪੰਜਾਬੀ ਸੂਬਾ ਸਾਂਭ ਨਹੀਂ ਹੋਣਾ। ਅਸੀਂ ਅਕਸਰ ਕਹਿ ਦਿੰਦੇ ਹਾਂ ਸਾਨੂੰ ਬਣਦਾ ਹਿੱਸਾ ਨਹੀਂ ਦਿੱਤਾ ਗਿਆ ਜਿਹੜਾ ਕੇ ਸਹੀ ਵੀ ਹੈ ਪਰ ਕੀ ਜੋ ਸਾਨੂੰ ਦਿੱਤਾ ਗਿਆ ਅਸੀਂ ਉਹ ਸਾਂਭ ਸਕੇ ਹਾਂ? ਜੇ ਕਿਤੇ ਅਸੀਂ ਜਾਗਰੂਕ ਹੁੰਦੇ ਤਾਂ ਸ਼ਾਇਦ ਅੱਜ ਹਾਲਾਤ ਇਹ ਨਾ ਹੁੰਦੇ।

ਅਸੀਂ ਅੱਜ ਵੀ ਲੀਡਰਾਂ ਦੀ ਗੱਲ ਕਰਦੇ ਹਾਂ, ਪਰ ਆਪਣੇ ਉਹਨਾਂ ਹੱਕ ਦੇ ਰਾਖਵੇਂ ਕਰਨ ਦੀ ਮੰਗ ਨਹੀਂ ਕਰਦੇ, ਜਿਹਨਾਂ ਕਰਕੇ ਅਸੀਂ ਪੰਜਾਬੀ ਸੂਬਾ ਲਿਆ ਸੀ, ਪੰਜਾਬੀ ਦੇ ਰਾਖਵੇਂ ਕਰਨ ਦੀ ਮੰਗ ਨਹੀਂ ਕਰਦੇ, ਪੰਜਾਬੀਆਂ ਲਈ ਨੌਕਰੀਆਂ ਮੌਕਿਆ ਦੇ ਰਾਖਵੇਂ ਕਰਨ ਦੀ ਮੰਗ ਨਹੀਂ ਕਰਦੇ, ਆਪਣੀ ਧਰਤੀ ਦੇ ਰਾਖਵੇਂ ਕਰਨ ਦੀ ਮੰਗ ਨਹੀਂ ਕਰਦੇ, ਜਿਹੜੀ ਲਵਾਰਸਾਂ ਵਾਂਗੂ ਕਿਸੇ ਦੇ ਵੀ ਹੱਥਾਂ ਵਿੱਚ ਵਿਕ ਰਹੀ ਹੈ।

ਇਹ ਸਭ ਕੁਝ ਉਸ ਪੰਜਾਬੀ ਸੂਬੇ ਨੂੰ ਮੂੰਹ ਚੜ੍ਹਾਉਂਦਾ ਹੈ, ਜਿਸ ਲਈ ਸਾਡੇ ਬਜ਼ੁਰਗਾਂ ਨੇ ਕੁਰਬਾਨੀਆਂ ਦਿੱਤੀਆਂ ਸਨ।ਅਸੀਂ ਅੱਜ ਵੀ ਉੱਥੇ ਹੀ ਖੜ੍ਹੇ ਹਾਂ । ਪਰ ਸ਼ਾਇਦ ਪਹਿਲਾਂ ਨਾਲੋਂ ਵੀ ਮਾੜੇ ਹਾਲਾਤਾਂ ਵਿੱਚ। ਰਾਜਨੀਤੀ ਸਾਨੂੰ ਨਿੱਤ ਧੜ੍ਹਿਆਂ ਵਿੱਚ ਵੰਡ ਰਹੀ ਹੈ। ਜੇ ਅਸੀਂ ਆਪਣੀ ਧਰਤੀ, ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਹੀ ਨਹੀਂ ਦੇ ਸਕੇ ਤਾਂ ਸ਼ਾਇਦ ਸਾਨੂੰ ਹੱਕ ਹੀ ਨਹੀਂ ਹੈ, " ਪੰਜਾਬੀ ਸੂਬਾ" ਦਿਨ ਮਨਾਉਣ ਦਾ।

ਪੰਜਾਬੀ ਸੂਬੇ ਦੀ ਸਿਰਜਣਾ ਸਿਰਫ਼ ਇੱਕ ਰਾਜਨੀਤਿਕ ਜਿੱਤ ਨਹੀਂ ਸੀ, ਇਹ ਪੰਜਾਬੀਆਂ ਦੀ ਭਾਸ਼ਾ, ਸੱਭਿਆਚਾਰ ਅਤੇ ਆਤਮ-ਸਮਮਾਨ ਨੂੰ ਬਚਾਉਣ ਦੀ ਕੋਸ਼ਿਸ਼ ਸੀ।ਪਰ ਅੱਜ ਲੱਗਦਾ ਹੈ ਕਿ ਅਸੀਂ ਉਸ ਜਿੱਤ ਦੀ ਆਤਮਾ ਨੂੰ ਭੁੱਲ ਬੈਠੇ ਹਾਂ।

ਹੁਣ ਹੀ ਸਮਾਂ ਹੈ ਜਾਗਣ ਦਾ ਆਪਣੀ ਮਿੱਟੀ, ਆਪਣੀ ਭਾਸ਼ਾ, ਆਪਣੇ ਵਜੂਦ ਅਤੇ ਆਪਣੇ ਸੂਬੇ ਨੂੰ ਦੁਬਾਰਾ ਖੜ੍ਹਾ ਕਰਨ ਦਾ, ਇਸ ਤੋਂ ਬਾਅਦ ਸ਼ਾਇਦ ਸਾਨੂੰ ਇਹ ਮੌਕਾ ਦੁਬਾਰਾ ਨਾ ਮਿਲੇ।

ਇੱਕ ਵਾਰ ਸੋਚ ਕਿ ਦੇਖੀਏ ਕੀ ਅਸੀਂ ਸੱਚਮੁੱਚ ਹੀ ਅਗਲੀ ਪੀੜ੍ਹੀ ਨੂੰ ਫ਼ਖ਼ਰ ਨਾਲ ਕਹਿ ਸਕਦੇ, ਇਹ ਹੈ ਉਹ ਪੰਜਾਬ, ਜਿਸ ਲਈ ਸਾਡੇ ਬਜ਼ੁਰਗਾਂ ਨੇ ਕੁਰਬਾਨੀਆਂ ਦਿੱਤੀਆਂ ਸਨ

1 ਨਵੰਬਰ ਨੂੰ "ਪੰਜਾਬੀ ਸੂਬੇ" ਦੇ ਵੱਡੇ ਵੱਡੇ ਇਸ਼ਤਿਹਾਰਾਂ ਅਤੇ ਵਾਅਦਿਆਂ ਤੋਂ ਬਿਨਾਂ ਹੋਰ ਕਦੇ ਵੀ ਪੰਜਾਬੀ ਸੂਬੇ ਦੀ ਝਲਕ ਤੱਕ ਨਹੀਂ ਪੈਂਦੀ।

ਇਸ ਸਭ ਦੇਖ ਨੂੰ ਦੇਖ ਕੇ ਇੱਕ ਵਾਰ ਤਾਂ ਇਹ ਸਵਾਲ ਸ਼ਾਇਦ ਸਭ ਦੇ ਮਨ ਹੀ ਆਉਂਦਾ ਹੋਵੇਗਾ, ਕਿ ਕੀ ਇਹ ਸੱਚਮੁੱਚ ਹੀ "ਪੰਜਾਬੀ ਸੂਬਾ" ਹੈ? ਪਰ ਅਸੀਂ ਇਸ ਸਾਰੇ ਸ਼ਰਮਨਾਕ ਵਰਤਾਰੇ ਦੇ ਬਾਵਜੂਦ ਰਿਵਾਇਤੀ ਤੌਰ 'ਤੇ ਹਰ ਸਾਲ "ਪੰਜਾਬੀ ਸੂਬਾ" ਮਨਾਉਂਦੇ ਹਾਂ, ਕਿ ਚੱਲੋ ਪੇਪਰਾਂ ਵਿੱਚ ਹੀ ਸਹੀ ਕਿਤੇ ਤਾਂ "ਪੰਜਾਬੀ ਸੂਬਾ" ਜਿਉਂਦਾ ਹੈ।



ਦੀਪ ਸੰਧੂ
+61 459 966 392

# ਸੰਗੀਤ ਦਾ ਨੇਤਰਹੀਣ ਅਧਿਆਪਕ : ਇਕਬਾਲ ਸਿੰਘ

ਨੇਤਰਹੀਣ ਹੋਣ ਦੇ ਬਾਵਜੂਦ ਨੇਤਰਹੀਣਾਂ ਨੂੰ ਵਿੱਦਿਆ ਪੜ੍ਹਾਉਣੀ ਬਹੁਤ ਵੱਡਾ ਪੁੰਨ ਹੈ । ਪਰਮਾਤਮਾ ਵੱਲੋਂ ਚਾਹੇ ਉਹਨਾਂ ਨੂੰ ਅੱਖਾਂ ਦੀ ਜੋਤ ਪ੍ਰਾਪਤ ਨਹੀਂ ਹੋਈ ਪਰ ਉਹ ਪਰਮਾਤਮਾ ਨੂੰ ਕੋਈ ਉਲਾਂਭਾ (ਤਾਅਨਾ) ਵੀ ਨਹੀਂ ਮਾਰਦੇ । ਨੇਤਰਹੀਣ ਵਿਦਿਆਰਥੀ ਵੀ ਅੱਜ ਕਈ ਉੱਚ ਪਦਵੀਆਂ ਤੇ ਸੁਸ਼ੋਭਿਤ ਹਨ । ਉਚੇਰੀ ਵਿੱਦਿਆ ਪ੍ਰਾਪਤ ਕਰਕੇ ਅੱਗੋਂ ਹੋਰ ਨੇਤਰਹੀਣਾਂ ਨੂੰ ਵੀ ਸਿੱਖਿਆ ਦੇ ਰਹੇ ਹਨ। ਅਜਿਹੇ ਹੀ ਸੰਗੀਤ ਅਧਿਆਪਕ ਹਨ ਮਾਸਟਰ ਇਕਬਾਲ ਸਿੰਘ। ਮਾਸਟਰ ਇਕਬਾਲ ਸਿੰਘ ਦਾ ਜਨਮ 4 ਜੁਲਾਈ 1973 ਈਸਵੀ ਨੂੰ ਪਿਤਾ ਸ੍ਰ: ਬਲਵਿੰਦਰ ਸਿੰਘ ਮਿਸਤਰੀ ਦੇ ਘਰ ਮਾਤਾ ਹਰਭਜਨ ਕੌਰ ਜੀ ਦੀ ਕੁੱਖ ਤੋਂ ਕਲਕੱਤਾ ਵਿਖੇ ਹੋਇਆ। ਜਨਮ ਤੋਂ ਕੁਝ ਸਮੇਂ ਬਾਅਦ ਹੀ ਡਾਕਟਰਾਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਇਸ ਬੱਚੇ ਦੀਆਂ ਅੱਖਾਂ ਦੀ ਰੌਸ਼ਨੀ ਨਹੀਂ ਹੈ । ਅੱਖਾਂ ਤੋਂ ਬਿਨਾਂ ਉਹਨਾਂ ਦੇ ਸਰੀਰ ਦੇ ਸਾਰੇ ਅੰਗ ਤੰਦਰੁਸਤ ਹਨ। ਇਕਬਾਲ ਸਿੰਘ ਜਨਮ ਤੋਂ ਬਾਅਦ ਜਿੰਨੇ ਦਿਨ ਵੀ ਹਸਪਤਾਲ ਰਿਹਾ । ਉਹਨਾਂ ਦੇ ਮਾਤਾ ਹਰਭਜਨ ਕੌਰ ਨੂੰ ਰੋਣ ਤੋਂ ਇਲਾਵਾ ਹੋਰ ਕੁਝ ਨਹੀਂ ਸੀ ਸੁਝਦਾ । ਇਹਨਾਂ ਦੇ ਜਨਮ ਤੋਂ ਪਹਿਲਾਂ ਵੀ ਦੋ ਭੈਣਾਂ ਸਨ ਜਿਨ੍ਹਾਂ ਵਿੱਚੋਂ ਛੋਟੀ ਭੈਣ ਦੀਆਂ ਅੱਖਾਂ ਦੀ ਰੌਸ਼ਨੀ ਨਹੀਂ ਸੀ । ਮਾਤਾ ਹਰਭਜਨ ਕੌਰ ਹਸਪਤਾਲ ਵਿੱਚ ਬੈਠੇ ਇਹ ਸੋਚਦੇ, ਹੇ ਪਰਮਾਤਮਾ ! ਮੇਰੇ ਕਰਮ ਹੀ ਇੰਨੇ ਮਾੜੇ ਕਿਉਂ ਹਨ ? ਲੋਕਾਂ ਦੇ ਕਿੰਨੇ ਹੀ ਬੱਚੇ ਮੇਰੇ ਸਾਹਮਣੇ ਹੋਏ ਹਨ, ਸਭ ਦੀਆਂ ਅੱਖਾਂ ਠੀਕ- ਠਾਕ ਹਨ। ਮੇਰੇ ਬੱਚੇ ਦੀਆਂ ਅੱਖਾਂ ਦੀ ਰੌਸ਼ਨੀ ਕਿਉਂ ਨਹੀਂ ਦਿੱਤੀ। ਮੈਂ ਕਿਹੜਾ ਕਰਮ ਮਾੜਾ ਕੀਤਾ ਸੀ ਕਿ ਜਿਸ ਦੀ ਮੈਨੂੰ ਇੰਨੀ ਵੱਡੀ ਸਜ਼ਾ ਮਿਲੀ ਹੈ ? ਹਸਪਤਾਲ ਵਿੱਚ ਇੱਕ ਡਾਕਟਰ ਨੇ ਮਾਤਾ ਹਰਭਜਨ ਕੌਰ ਨੂੰ ਹੌਸਲਾ ਦਿੰਦਿਆਂ ਹੋਇਆ ਸਮਝਾਇਆ ਕਿ ਇਹ ਤਾਂ ਪਰਮਾਤਮਾ ਦੀ ਰਜ਼ਾ ਹੈ । ਜੋ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹ ਉਸੇ ਤਰ੍ਹਾਂ ਹੀ ਕਰਦਾ ਹੈ । ਇਹ ਕੋਈ ਸਾਡੇ ਪਿਛਲੇ ਕਰਮਾਂ ਦਾ ਹਿਸਾਬ-ਕਿਤਾਬ ਹੁੰਦਾ ਹੈ । ਰੋਣ ਨਾਲ ਕੁਝ ਨਹੀਂ ਹੋਣਾ, ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਹੀ ਮੰਨਣਾ ਪਵੇਗਾ ਤੇ ਮੰਨਣਾ ਵੀ ਚਾਹੀਦਾ ਹੈ । ਭਾਵੇਂ ਮਾਤਾ-ਪਿਤਾ ਲਈ ਨੇਤਰਹੀਣ ਪੁੱਤ ਦਾ ਪਾਲਣ-ਪੋਸ਼ਣ ਕਰਨਾ ਮੁਸ਼ਕਲ ਕੰਮ ਸੀ ਪ੍ਰੰਤੂ ਸ਼ੁਰੂ ਤੋਂ ਹੀ ਚੰਗਾ ਪਾਲਣ-ਪੋਸ਼ਣ, ਲਾਡ-ਪਿਆਰ ਅਤੇ ਚੰਗੀਆਂ ਆਦਤਾਂ ਵਾਲਾ ਜੀਵਨ ਜਿਊਣ ਦੀ ਜਾਚ ਸਿਖਾਈ । ਜਦੋਂ ਇਹ 5 ਕੁ ਸਾਲ ਦੇ ਹੋਏ ਤਾਂ ਮਾਤਾ ਹਰਭਜਨ ਕੌਰ ਕਿਸੇ ਕੰਮ ਲਈ ਲੁਧਿਆਣਾ ਗਏ ਸਨ । ਉਹ ਵਾਪਸ ਆਉਂਦਿਆਂ ਇਹਨਾਂ ਲਈ ਸਾਈਕਲ ਲੈ ਆਏ । ਇਹਨਾਂ ਦੇ ਪਿਤਾ ਸ੍ਰ: ਬਲਵਿੰਦਰ ਸਿੰਘ ਆਪਣੀ ਪਤਨੀ ਨੂੰ ਬਹੁਤ ਗੁੱਸੇ ਹੋਏ ਤੇ ਕਹਿਣ ਲੱਗੇ ਕਿ ਇਹ ਸਾਈਕਲ ਤੁਸੀਂ ਕਿਉਂ ਖਰੀਦਿਆ ਹੈ ? ਕੋਈ ਹੋਰ ਖਿਡਾਉਣਾ ਖਰੀਦ ਲੈਂਦੇ । ਤੁਹਾਨੂੰ ਜਦੋਂ ਪਤਾ ਹੈ ਇਸ ਨੂੰ ਕੁਝ ਦਿੱਸਦਾ ਨਹੀਂ ਤਾਂ ਇਹ ਸਾਈਕਲ ਕਿਵੇਂ ਚਲਾਏਗਾ ? ਦੂਜੀ ਗੱਲ, ਲੋਕ ਕੀ ਕਹਿਣਗੇ ਕਿ ਇੱਕ ਤਾਂ ਬੱਚੇ ਨੂੰ ਦਿਸਦਾ ਨਹੀਂ ਦੂਜਾ ਉਸ ਨੂੰ ਸਾਈਕਲ ਲਿਆ ਦਿੱਤਾ, ਇਹ ਕਿਹੜੀ ਸਿਆਣੀ ਗੱਲ ਹੈ । ਮਾਤਾ ਹਰਭਜਨ ਕੌਰ ਕਹਿਣ ਲੱਗੀ ਕੁਝ ਨਹੀਂ ਹੁੰਦਾ। ਇਸ ਦੇ ਹਾਣ ਦੇ ਸਾਰੇ ਬੱਚਿਆਂ ਕੋਲ ਸਾਈਕਲ ਹਨ, ਇਹ ਵੀ ਸਾਈਕਲ ਚਲਾ ਲਵੇਗਾ। ਉਸ ਦਿਨ ਤੋਂ ਬਾਅਦ ਇਹਨਾਂ ਸਾਈਕਲ ਬਹੁਤ ਚਲਾਇਆ। ਇਸ ਨੂੰ ਸਾਈਕਲ ਚਲਾਉਂਦੇ ਨੂੰ ਦੇਖ ਕੇ ਲੋਕ ਬਹੁਤ ਹੈਰਾਨ ਹੁੰਦੇ ਸਨ । ਜਿੰਨੀ ਦੇਰ ਵੀ ਇਹਨਾਂ ਸਾਈਕਲ ਚਲਾਇਆ ਨਾ ਕਦੇ ਕੋਈ ਸੱਟ-ਫੇਟ ਲੱਗੀ ਤੇ ਨਾ ਹੀ ਕੋਈ ਸਾਈਕਲ ਦਾ ਨੁਕਸਾਨ ਹੋਇਆ । ਛੇ ਸਾਲ ਦੀ ਉਮਰ ਵਿੱਚ ਮਾਤਾ ਪਿਤਾ ਨੇ ਨੇਤਰਹੀਣਾਂ ਲਈ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ । ਜਿਸ ਦਿਨ ਸਕੂਲ ਜਾਣਾ ਸੀ । ਇਹਨਾਂ ਦੇ ਦਾਦੀ ਜੀ ਨੇ ਗੁਰਦੁਆਰਾ ਸਾਹਿਬ ਲੈ ਜਾ ਕੇ ਮੱਥਾ ਟਿਕਾਇਆ । ਜਿੱਥੇ-ਜਿੱਥੇ ਵੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲੱਗੀਆਂ ਸਨ ਉਹਨਾਂ ਸਾਰੀਆਂ ਤਸਵੀਰਾਂ ਅੱਗੇ ਇਹਨਾਂ ਨੂੰ ਵਾਰ-ਵਾਰ ਮੱਥਾ ਟੇਕਣ ਲਈ ਕਹਿੰਦੇ ਰਹੇ। ਘਰ ਦੇ ਵਿੱਚ ਉਦਾਸੀ ਵਾਲਾ ਮਾਹੌਲ ਸੀ । ਉਦਾਸੀ ਵਾਲਾ ਮਾਹੌਲ ਇਸ ਲਈ ਸੀ ਕਿ ਸਕੂਲ ਵਿੱਚ ਛੁੱਟੀ ਤੋਂ ਬਾਅਦ ਹੋਸਟਲ ਵਿੱਚ ਹੀ ਰਹਿਣਾ ਹੈ, ਜਿਥੋਂ ਰੋਜ਼ਾਨਾ ਆਉਣਾ-ਜਾਣਾ ਔਖਾ ਹੈ । ਆਂਢ-ਗੁਆਂਢ ਦੇ ਬੱਚੇ ਤਾਂ ਸਵੇਰੇ ਸਕੂਲ ਪੜ੍ਹਨ ਜਾਂਦੇ ਹਨ ਅਤੇ ਛੁੱਟੀ ਹੋਣ ਉਪਰੰਤ ਦੁਪਹਿਰ ਸਮੇਂ ਘਰ ਵਾਪਸ ਆ ਜਾਂਦੇ ਹਨ । ਪਰ ਇਕਬਾਲ ਸਿੰਘ ਆਪਣੇ ਸਕੂਲ ਤੋਂ ਘਰ ਵਾਪਸ ਨਹੀਂ ਆ ਸਕਦਾ ਸੀ । ਪੰਜਾਬ ਵਿੱਚ ਨੇਤਰਹੀਣਾਂ ਲਈ ਸਰਕਾਰੀ ਸਕੂਲ ਇੱਕ ਹੀ ਹੈ । ਜਿੱਥੇ ਬੱਚਿਆਂ ਨੂੰ ਰਹਿ ਕੇ ਹੀ ਪੜ੍ਹਨਾ ਪੈਂਦਾ ਹੈ । ਜਿਸ ਦਿਨ ਇਹ ਸਕੂਲ ਗਿਆ ਉਸ ਦਿਨ ਘਰ ਵਿੱਚ ਕਿਸੇ ਵੀ ਪਰਿਵਾਰ ਦੇ ਮੈਂਬਰ ਨੇ ਖਾਣਾ ਨਹੀਂ ਖਾਧਾ । ਸਾਰੇ ਪਰਿਵਾਰ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ । ਸਕੂਲ ਵਿੱਚ ਖਾਣਾ ਖਾਣ ਦਾ ਸਮਾਂ, ਪੜ੍ਹਾਈ ਕਰਨ ਦਾ ਸਮਾਂ, ਸਵੇਰੇ ਉੱਠਣ ਦਾ ਸਮਾਂ, ਖੇਡਣ ਦਾ ਸਮਾਂ ਨਿਸ਼ਚਿਤ ਹੁੰਦਾ ਹੈ । ਇਹਨਾਂ ਦੇ ਪਿਤਾ ਨੇ ਇਹਨਾਂ ਨੂੰ ਸਕੂਲ ਛੱਡਣ ਤੇ ਉਸ ਤੋਂ ਬਾਅਦ ਘਰ ਲੈ ਕੇ ਆਉਣ ਦਾ ਇੱਕ ਅਜਿਹਾ ਸਿਸਟਮ ਬਣਾਇਆ ਕਿ ਸਕੂਲ ਵਿੱਚ ਮੇਰਾ ਮਨ ਲੱਗ ਜਾਵੇ । ਪਹਿਲਾਂ ਇੱਕ ਦਿਨ ਸਕੂਲ ਛੱਡਿਆ, ਫਿਰ ਤਿੰਨ ਦਿਨ, ਫਿਰ ਪੰਜ-ਪੰਜ ਦਿਨ ਤੇ ਉਸ ਤੋਂ ਬਾਅਦ ਹਰ ਸ਼ਨੀਵਾਰ ਨੂੰ ਸਕੂਲ ਤੋਂ ਘਰ ਲੈ ਜਾਣਾ ਅਤੇ ਸੋਮਵਾਰ ਨੂੰ ਸਵੇਰੇ ਛੱਡ ਜਾਣਾ । ਫਿਰ 15 ਦਿਨ ਬਾਅਦ ਘਰ ਲੈ ਜਾਣਾ। ਉਸ ਤੋਂ ਬਾਅਦ ਫੇਰ ਜਦੋਂ ਸਕੂਲ ਦੀਆਂ ਛੁੱਟੀਆਂ ਹੁੰਦੀਆਂ ਸਨ, ਉਸ ਸਮੇਂ ਹੀ ਘਰ ਲੈ ਕੇ ਜਾਂਦੇ ਸਨ । ਜਿਸ ਦਿਨ ਸਕੂਲ ਲੱਗਦਾ, ਉਸ ਦਿਨ ਹੀ ਇਹਨਾਂ ਨੂੰ ਪਿਤਾ ਜੀ ਸਕੂਲ ਛੱਡ ਆਉਂਦੇ ਸਨ । ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ । ਇਹਨਾਂ ਦੇ ਪਿਤਾ ਜੀ ਦੇ ਇਸ ਅਸੂਲ ਤੋਂ ਸਕੂਲ ਦੇ ਅਧਿਕਾਰੀ ਅਤੇ ਕਰਮਚਾਰੀ ਬਹੁਤ ਖੁਸ਼ ਸਨ । ਇਸ ਸਕੂਲ ਵਿੱਚ ਇਕਬਾਲ ਸਿੰਘ ਨੇ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਚੰਗੇ ਨੰਬਰ ਲੈ ਕੇ ਪਾਸ ਕੀਤੀ ।10+2 ਪਿੰਡ ਗਾਲਬ ਕਲਾਂ, ਬੀ.ਏ. ਐਸ.ਡੀ.ਕਾਲਜ ਅੰਬਾਲਾ ਤੋਂ ਅਤੇ ਐੱਮ.ਏ. ਸੰਗੀਤ ਗਾਇਨ (ਮਿਊਜ਼ਿਕ ਵੋਕਲ) ਰਾਮਗੜ੍ਹੀਆ ਗਰਲਜ ਕਾਲਜ ਲੁਧਿਆਣਾ ਤੋਂ ਕੀਤੀ ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1998 ਵਿੱਚ ਐੱਮ.ਏ. ਸੰਗੀਤ ਗਾਇਨ ਦੀ ਪ੍ਰੀਖਿਆ 'ਚ 569/800 (72%) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ । ਸਟੇਟ ਬੈਂਕ ਆਫ ਇੰਡੀਆ ਲੁਧਿਆਣਾ ਤੇ ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਦੀ ਬਲਾਈਂਡ ਵੱਲੋਂ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ 'ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਕਬਾਲ ਸਿੰਘ ਨੇ ਜੂਨ 1999 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਲਿਆ ਗਿਆ ਯੂ.ਜੀ.ਸੀ. (ਯੂਨੀਵਰਸਿਟੀ ਗ੍ਰਾਂਟ ਕਮਿਸ਼ਨ) ਦਾ ਟੈਸਟ ਵੀ ਪਾਸ ਕਰ ਲਿਆ । ਇਸ ਨੇ ਸਾਰੀ ਵਿੱਦਿਆ ਕੈਸਿਟ ਰਿਕਾਰਡਿੰਗ ਰਾਹੀਂ ਤੇ ਹੈਲਪਰ ਰਾਹੀਂ ਪ੍ਰਾਪਤ ਕੀਤੀ । ਇਹਨਾਂ ਸੰਗੀਤ ਦੀ ਸਿੱਖਿਆ ਮਾਸਟਰ ਬੋਧ ਰਾਜ ਅਰੋੜਾ ਜੀ ਪਾਸੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਸੈਹਸਵਾਨ ਰਾਮਪੁਰ ਘਰਾਣੇ ਦੇ ਉਸਤਾਦ ਹਫ਼ੀਜ਼ ਅਹਿਮਦ ਖਾਨ ਪਾਸੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਕੇ ਸੰਗੀਤ ਦੀਆਂ ਬਾਰੀਕੀਆਂ ਨੂੰ ਸਮਝਿਆ । ਸੰਗੀਤ ਗਾਇਨ ਵਿੱਚ ਇਹਨਾਂ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਵਿਖੇ ਸੰਗੀਤ ਭੂਸ਼ਣ, ਸੰਗੀਤ ਵਿਸਾਰਦ ਤੇ ਸੰਗੀਤ ਭਾਸਕਰ ਦਾ ਸੱਤ ਸਾਲ ਦਾ ਡਿਪਲੋਮਾ ਵੀ ਪਹਿਲੇ ਸਥਾਨ 'ਚ ਪ੍ਰਾਪਤ ਕੀਤਾ ।

ਸਮਾਜ ਵੀਕਲੀ ਨਿਊਜ਼

ਨੇਤਰਹੀਣ ਹੋਣ ਦੇ ਬਾਵਜੂਦ ਇਕਬਾਲ ਸਿੰਘ ਵਿੱਦਿਆ, ਸੰਗੀਤ ਵਿੱਚ ਨਾਮ ਕਮਾਉਣ ਦੇ ਨਾਲ-ਨਾਲ ਰੱਸਾਕਸ਼ੀ ਤੇ ਕ੍ਰਿਕਟ ਦੇ ਵੀ ਚੰਗੇ ਖਿਡਾਰੀ ਹਨ । ਪੰਜਾਬ ਸਪੋਰਟਸ ਐਸੋਸੀਏਸ਼ਨ ਫਾਰ ਦੀ ਬਲਾਈਂਡ ਲੁਧਿਆਣਾ ਦਾ ਕੁਝ ਸਮਾਂ ਪ੍ਰੀਜਾਈਡਿੰਗ ਸੈਕਟਰੀ ਰਿਹਾ ਹੈ । ਉਹਨਾਂ ਹਿਸਾਰ, ਲਖਨਊ, ਜਲੰਧਰ, ਅੰਮ੍ਰਿਤਸਰ, ਦਿੱਲੀ ਵਿਖੇ ਕ੍ਰਿਕਟ ਮੈਚ ਖੇਡੇ । ਜਲੰਧਰ ਵਿਖੇ 1999 ਤੇ 2000 ਵਿੱਚ ਖੇਡੇ ਕ੍ਰਿਕਟ ਮੈਚਾਂ ਵਿੱਚ ਇਹਨਾਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਟਰਾਫ਼ੀ ਜਿੱਤੀ । ਨੇਤਰਹੀਣ ਜਾਗਰਤੀ ਸੰਘ ਹਰਿਆਣਾ, ਆਰੀਆ ਪ੍ਰਗਿਆ ਚਕਸ਼ੂ ਕੁਮਾਰ ਸਭਾ ਅੰਧ ਵਿਦਿਆਲਾ ਲੋਹਗੜ੍ਹ ਗੇਟ ਅੰਮ੍ਰਿਤਸਰ, ਭਾਰਤ ਨੇਤਰਹੀਣ ਸੇਵਕ ਸਮਾਜ ਲੁਧਿਆਣਾ ਆਦਿ ਕ੍ਰਿਕਟ ਟੀਮਾਂ ਵਿੱਚ ਭਾਗ ਲਿਆ । 1998,1999 ਤੇ 2000 ਵਿੱਚ ਜਲੰਧਰ ਵਿਖੇ ਰੱਸਾਕਸ਼ੀ ਖੇਡ ਵਿੱਚ ਲਗਾਤਾਰ ਪੰਜਾਬ ਦੀ ਟੀਮ ਨੇ ਤਿੰਨ ਸਾਲ ਟਰਾਫ਼ੀ ਜਿੱਤੀ । ਇਕਬਾਲ ਸਿੰਘ ਨੇ ਤਿੰਨੇ ਸਾਲ ਹੀ ਪੰਜਾਬ ਦੀ ਟੀਮ ਵੱਲੋਂ ਖੇਡਦਿਆਂ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ । 1996 ਵਿੱਚ ਇੰਡੀਅਨ ਬਲਾਈਂਡ ਸਪੋਰਟਸ ਐਸੋਸੀਏਸ਼ਨ ਵੱਲੋਂ ਲੁਧਿਆਣਾ ਵਿਖੇ ਹੋਈਆਂ ਖੇਡਾਂ ਵਿੱਚ 100 ਤੇ 200 ਮੀਟਰ ਦੌੜ ਵਿੱਚ ਵੀ ਭਾਗ ਲਿਆ । ਹਰ ਸਾਲ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵੱਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ। ਜਿਸ ਵਿੱਚ ਗੁਰਬਾਣੀ ਦੇ ਨਿਰਧਾਰਤ ਰਾਗਾਂ ਵਿੱਚ ਵੱਖ- ਵੱਖ ਸੰਗੀਤ ਦੇ ਵਿਦਵਾਨਾਂ ਵੱਲੋਂ ਸ਼ਬਦ ਗਾਇਨ ਕੀਤੇ ਜਾਂਦੇ ਹਨ । ਇਸ ਸੰਮੇਲਨ ਵਿੱਚ ਮਾਸਟਰ ਇਕਬਾਲ ਸਿੰਘ 2004 ਤੋਂ ਲੈ ਕੇ ਅੱਜ ਤੱਕ ਬਿਨਾਂ ਨਾਗਾ ਹਾਜ਼ਰੀ ਭਰ ਰਹੇ ਹਨ । ਜਵੱਦੀ ਟਕਸਾਲ ਵਿਖੇ ਹਰ ਸਾਲ ਸੰਗੀਤ ਦੀ ਵਰਕਸ਼ਾਪ ਲਗਾਈ ਜਾਂਦੀ ਹੈ, ਜਿਸ ਦੇ ਨਾਲ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸੰਗੀਤ ਨਾਲ ਜੋੜਿਆ ਜਾਂਦਾ ਹੈ । ਉਸ ਵਰਕਸ਼ਾਪ ਵਿੱਚ ਵੀ ਸੰਗੀਤ ਦੇ ਨਾਮਵਰ ਅਧਿਆਪਕ ਅਤੇ ਹੋਰ ਮਹਾਨ ਸ਼ਖਸ਼ੀਅਤਾਂ ਸੰਗੀਤ ਵਿਸ਼ੇ ਤੇ ਆਪਣੇ ਵਿਚਾਰਾਂ ਰਾਹੀਂ




ਵਿਦਿਆਰਥੀਆਂ ਨੂੰ ਸਿੱਖਿਆ ਦਿੰਦੇ ਹਨ। ਉਸ ਵਰਕਸ਼ਾਪ ਵਿੱਚ 2022 ਅਤੇ 2023 ਵਿੱਚ ਇਕਬਾਲ ਸਿੰਘ ਨੂੰ ਵੀ ਸ਼ਾਮਲ ਹੋਣ ਦਾ ਮੌਕਾ ਦਿੱਤਾ ਗਿਆ । ਮਾਸਟਰ ਇਕਬਾਲ ਸਿੰਘ ਆਕਾਸ਼ਵਾਣੀ ਜਲੰਧਰ ਤੋਂ ਸ਼ਾਸਤਰੀ ਸੰਗੀਤ ਵਿੱਚ ਬੀ ਗਰੇਡ, ਗਜ਼ਲ ਵਿੱਚ ਬੀ ਹਾਈ ਗ੍ਰੇਡ ਅਤੇ ਸ਼ਬਦ ਗਾਇਨ ਵਿੱਚ ਵੀ ਬੀ ਹਾਈਗ੍ਰੇਡ ਦਾ ਆਰਟਿਸਟ ਹੈ । ਉਹਨਾਂ ਦੇ ਪ੍ਰੋਗਰਾਮ ਸਮੇਂ-ਸਮੇਂ ਸਿਰ ਰੇਡੀਓ ਤੋਂ ਪ੍ਰਸਾਰਿਤ ਹੁੰਦੇ ਰਹਿੰਦੇ ਹਨ । ਸ਼ਾਸਤਰੀ ਗਾਇਨ ਵਿੱਚ ਉਹਨਾਂ ਕਈ ਸੰਗੀਤ ਸੰਮੇਲਨਾਂ ਵਿੱਚ ਭਾਗ ਲਿਆ ਅਤੇ ਆਪਣੇ ਗਾਇਨ ਦਾ ਪ੍ਰਦਰਸ਼ਨ ਕੀਤਾ । ਜਿਨ੍ਹਾਂ ਵਿੱਚੋਂ ਕੁਝ ਨਾਮ ਹੇਠ ਲਿਖੇ ਅਨੁਸਾਰ ਹਨ ।

* ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ।
* ਮਾਸਟਰ ਰਤਨ ਸੰਗੀਤ ਸੰਮੇਲਨ ਫਗਵਾੜਾ ।
* ਬਸੰਤ ਸੰਗੀਤ ਸੰਮੇਲਨ ਹੁਸ਼ਿਆਰਪੁਰ ।
* ਵਿਸ਼ਨੂੰ ਦਿਗੰਬਰ ਸੰਗੀਤ ਸੰਮੇਲਨ ਫਰੀਦਕੋਟ ।
* ਭਾਈ ਮਰਦਾਨਾ ਸੰਗੀਤ ਸੰਮੇਲਨ ਪਟਿਆਲਾ ।
* ਤਰਸੇਮ ਲਾਲ ਸਿਧੂ ਸੰਗੀਤ ਸੰਮੇਲਨ ਲੁਧਿਆਣਾ ।
* ਹੋਲੀ ਸੰਗੀਤ ਸੰਮੇਲਨ ਅੰਮ੍ਰਿਤਸਰ ।

ਮਾਸਟਰ ਇਕਬਾਲ ਸਿੰਘ ਨੇ ਆਪਣਾ ਯੂਟਿਊਬ ਚੈਨਲ ਵੀ ਬਣਾਇਆ ਹੋਇਆ ਹੈ ਜਿਸ ਦਾ ਨਾਮ "ਇਕਬ-ਾਲ ਸਿੰਘ ਬਮਰਾਹ" ਹੈ। ਇਸ ਚੈਨਲ ਦੇ ਮਾਧਿਅਮ ਰਾਹੀਂ ਜੋ ਕੋਈ ਵੀ ਸੰਗੀਤ ਸੁਣਨ ਦਾ ਇਛੁੱਕ ਹੋਵੇ ਉਹ ਇਹਨਾਂ ਦੀ ਗਾਇਕੀ ਨੂੰ ਸੁਣ ਸਕਦਾ ਹੈ । ਮਾਸਟਰ ਇਕਬਾਲ ਸਿੰਘ ਵੱਲੋਂ ਸੰਗੀਤ ਬਾਰੇ ਇੱਕ ਬਹੁਤ ਹੀ ਮਹੱਤਵਪੂਰਨ ਪੁਸਤਕ "ਗੁਰਬਾਣੀ ਗਾਇਨ" ਤਿਆਰ ਕੀਤੀ ਗਈ ਹੈ। ਇਸ ਪੁਸਤਕ ਦੇ ਦੋ ਭਾਗ ਹਨ। ਪੁਸਤਕ ਦਾ ਪਹਿਲਾ ਭਾਗ 13 ਅਪ੍ਰੈਲ 2025 ਈਸਵੀ ਨੂੰ ਵਿਸਾਖੀ ਦੇ ਸ਼ੁੱਭ ਦਿਹਾੜੇ 'ਭਾਰਤ ਨੇਤਰਹੀਣ ਸੇਵਕ ਸਮਾਜ (ਰਜਿ:)' ਲੁਧਿਆਣਾ ਵਿਖੇ ਰਿਲੀਜ਼ ਕੀਤਾ ਗਿਆ ਹੈ। ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 31 ਸ਼ੁੱਧ ਰਾਗਾਂ ਵਿੱਚ ਗੁਰੂਆਂ ਅਤੇ ਭਗਤਾਂ ਵੱਲੋਂ ਉਚਾਰੇ ਗਏ ਸ਼ਬਦ ਸ੍ਵਰ ਲਿਪੀ ਬੱਧ ਕੀਤੇ ਗਏ ਹਨ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੇ 31 ਰਾਗ ਲੈ ਕੇ ਉਨ੍ਹਾਂ ਵਿੱਚ ਉਹ ਸ਼ਬਦ ਸ੍ਵਰ ਲਿਪੀ ਬੱਧ ਕੀਤੇ ਗਏ ਹਨ ਜੋ ਕਿ ਰਾਗਾਂ ਤੋਂ ਇਲ-ਾਵਾ ਹਨ ਜਿਵੇਂ ਕਿ ਸਵਈਏ, ਦਸਮ ਗ੍ਰੰਥ ਵਿੱਚੋਂ ਕੁਝ ਸ਼ਬਦ ਅਤੇ ਕੁਝ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ । ਇਹ ਪੁਸਤਕ ਪ੍ਰਿੰਟਵੈੱਲ, 146, ਇੰਡਸਟਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ ਦੁਆਰਾ ਛਾਪੀ ਗਈ ਹੈ । ਪੁਸਤਕ ਦੇ 300 ਪੰਨੇ ਹਨ, ਪੁਸਤਕ ਦੀ ਕੀਮਤ 700 ਰੁਪਏ ਹੈ । ਪੁਸਤਕ ਪ੍ਰਾਪਤ ਕਰਨ ਲਈ ਸ੍ਰ: ਇਕਬਾਲ ਸਿੰਘ ਬਮਰਾਹ ਨਾਲ ਮੋਬਾਇਲ ਨੰਬਰ 94631-39519 ਤੇ ਸੰਪਰਕ ਕੀਤਾ ਜਾ ਸਕਦਾ ਹੈ । ਇਹ ਪੁਸਤਕ ਰਾਗੀ ਜਥਿਆਂ, ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਨ ਵਾਲੇ ਬੱਚਿਆਂ, ਵਿਅਕਤੀਆਂ ਲਈ ਲਾਭਦਾਇਕ ਹੈ ।

ਇਕਬਾਲ ਸਿੰਘ ਜੀ ਭਾਰਤ ਨੇਤਰਹੀਣ ਸੇਵਕ ਸਮਾਜ (ਰਜਿ:)ਸਭਾ ਦੇ ਪ੍ਰਧਾਨ ਵਜੋਂ ਕੰਮ ਕਰ ਰਹੇ ਹਨ । ਇਹ ਸਭਾ 1964 ਤੋਂ ਲੁਧਿਆਣਾ ਵਿਖੇ ਨੇਤਰਹੀਣ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ । ਮਾਸਟਰ ਇਕਬਾਲ ਸਿੰਘ ਵੱਲੋਂ ਕਾਫੀ ਲੰਮੇ ਅਰਸੇ ਤੋਂ ਹਰ ਸ਼ਨਿੱਚਰਵਾਰ ਨੂੰ ਭਾਰਤ ਨੇਤਰਹੀਣ ਸੇਵਕ ਸਮਾਜ ਵਿੱਚ ਜਾ ਕੇ ਨੇਤਰਹੀਣ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਫੀਸ ਦੇ ਸੰਗੀਤ ਦੀ ਸਿੱਖਿਆ ਦੇ ਰਹੇ ਹਨ । ਜਿਸ ਨਾਲ ਨੇਤਰਹੀਣ ਵਿਦਿਆਰਥੀ ਸੰਗੀਤ ਦੀ ਸਿੱਖਿਆ ਹਾਸਲ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਰਹੇ ਹਨ / ਹੋ ਸਕਦੇ ਹਨ । ਉਹਨਾਂ ਦਾ ਕਹਿਣਾ ਹੈ ਕਿ ਇਹ ਸਿਲਸਿਲਾ ਉਸ ਸਮੇਂ ਤੱਕ ਜਾਰੀ ਰਹੇਗਾ ਜਦੋਂ ਤੱਕ ਪਰਮਾਤਮਾ ਨੇ ਚਾਹਿਆ। ਮੈਂ ਨੇਤਰਹੀਣ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੰਦਾ ਰਹਾਂਗਾ ।ਇਕਬਾਲ ਸਿੰਘ ਜੀ ਵਿੱਦਿਆ ਤੇ ਖੇਡਾਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਦੇ ਨਾਲ-ਨਾਲ ਸੱਭਿਆਚਾਰਕ ਸਰਗਰਮੀਆਂ ਵਿੱਚ ਵੀ ਭਾਗ ਲਿਆ । 1994 'ਚ ਜਲੰਧਰ ਵਿਖੇ ਹੋਏ ਹਰਿਵੱਲਭ ਸੰਗੀਤ ਸੰਮੇਲਨ ਵਿੱਚ ਮਿਊਜਿਕ ਵੋਕਲ ਗਾਇਨ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਤੇ 2100 ਰੁਪਏ ਤੇ ਮੋਮੈਂਟੋ ਨਾਲ ਇਕਬਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ । ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਿਖੇ 15ਵੀਂ ਭਾਈ ਮਰਦ-ਾਨਾ ਯਾਦਗਾਰੀ ਗੁਰਬਾਣੀ ਗਾਇਨ ਪ੍ਰਤੀਯੋਗਤਾ 'ਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਲੁਧਿਆਣਾ ਵਿਖੇ ਤੀਸਰੀ ਭਾਈ ਦਲੀਪ ਸਿੰਘ ਯਾਦਗਾਰੀ ਤਬਲਾ ਵਾਦਨ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਹਾਸਲ ਕੀਤਾ । ਮਾਸਟਰ ਇਕਬਾਲ ਸਿੰਘ ਨੇ ਅੰਤਰ ਕਾਲਜ ਯੂਥ ਫੈਸਟੀਵਲਾਂ ਤੇ ਹੋਰ ਕਈ ਸੱਭਿਆਚਾਰਕ ਮੁਕਾਬਲਿਆਂ 'ਚ ਵੱਖ-ਵੱਖ ਥਾਵਾਂ (ਲੁਧਿਆਣਾ, ਦੋਰਾਹਾ, ਚੰਡੀਗੜ੍ਹ, ਕੁਰੂਕਸ਼ੇਤਰ, ਜੈਪੁਰ, ਜਗਾਧਰੀ, ਸਿੱਧਵਾਂ ਖੁਰਦ, ਅੰਬਾਲਾ ਕੈਂਟ, ਕਾਲਕਾ, ਜਲੰਧਰ) ਤੇ ਗੀਤ, ਗ਼ਜ਼ਲ, ਸ਼ਬਦ, ਭਜਨ, ਤਬਲਾ, ਸ਼ਾਸਤਰੀ ਸੰਗੀਤ ਤੇ ਕਵਿਤਾ ਗਾਇਨ 'ਚ ਭਾਗ ਲਿਆ । ਇਕਬਾਲ ਸਿੰਘ ਨੇ ਇਹਨਾਂ ਵੱਖ-ਵੱਖ ਥਾਵਾਂ ਤੇ ਹੋਏ ਮੁਕਾਬਲਿਆਂ ਵਿੱਚ ਜ਼ਿਆਦਾਤਰ ਪਹਿਲਾ ਤੇ ਦੂਜਾ ਸਥਾਨ ਹਾਸਲ ਕਰਕੇ 80 ਤੋਂ ਹੀ ਵੱਧ ਮਾਣ-ਸਨਮਾਨ ਪ੍ਰਾਪਤ ਕੀਤੇ । ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਲੁਧਿਆਣਾ ਵੱਲੋਂ ਗੁਰੂ ਨਾਨਕ ਦੇਵ ਭਵਨ ਵਿਖੇ ਬਰੇਲ ਲਿਪੀ ਦੇ ਬਾਨੀ ਲੂਈ ਬਰੇਲ ਦੇ 215ਵੇਂ ਜਨਮ-ਦਿਨ ਤੇ 4 ਜਨਵਰੀ 2025 ਈ: ਨੂੰ ਮਾਸਟਰ ਇਕਬਾਲ ਸਿੰਘ ਨੂੰ ਸਿਰੋਪਾਉ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ । ਉਹਨਾਂ ਸਕੂਲਾਂ ਅਤੇ ਕਾਲਜਾਂ ਵਿੱਚ ਕਰਵਾਏ ਜਾਣ ਵਾਲੇ ਵੱਖ-ਵੱਖ ਪੱਧਰਾਂ ਦੇ ਸੰਗੀਤ ਮੁਕਾਬਲਿਆਂ ਵਿੱਚ ਲੁਧਿਆਣਾ, ਗੁਰਦੁਆਰਾ ਫਲਾਹੀ ਸਾਹਿਬ ਲੁਧਿਆਣਾ, ਰਾਮਗੜ੍ਹੀਆ ਕਾਲਜ ਲੁਧਿਆਣਾ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਲੋਕ ਗੀਤ, ਸ਼ਬਦ, ਸੁਗਮ ਸੰਗੀਤ, ਸ਼ਬਦ ਗਾਇਨ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਸੇਵਾ ਵੀ ਨਿਭਾਈ ਹੈ ।

ਮਾਸਟਰ ਇਕਬਾਲ ਸਿੰਘ ਭਾਰਤ ਨੇਤਰਹੀਣ ਸੇਵਕ ਸਮਾਜ ਲੁਧਿਆਣਾ ਦਾ ਪਹਿਲਾਂ ਜੁਆਇੰਟ ਸਕੱਤਰ ਅਤੇ ਵਰਤਮਾਨ ਸਮੇਂ ਪ੍ਰਧਾਨ, ਸੁਰਾਂਗਣ ਸੰਗੀਤ ਸਭਾ ਲੁਧਿਆਣਾ ਦਾ ਪ੍ਰਬੰਧਕ ਹੈ ਮਾਸਟਰਕ ਇਕਬਾਲ ਸਿੰਘ ਅੱਜ ਕੱਲ੍ਹ ਨੇਤਰਹੀਣ ਦੀ ਸਰਕਾਰੀ ਸੰਸਥਾ ਜਮਾਲਪੁਰ ਲੁਧਿਆਣਾ ਵਿਖੇ ਸੰਗੀਤ ਅਧਿਆਪਕ ਵਜੋਂ ਬੱਚਿਆਂ ਦੀ ਵਿੱਦਿਆ ਰਾਹੀਂ ਸੇਵਾ ਕਰ ਰਹੇ ਹਨ। ਇਹਨਾਂ ਵੱਲੋਂ ਤਿਆਰ ਕੀਤੇ ਬੱਚੇ ਗੀਤ, ਗ਼ਜ਼ਲ, ਸ਼ਬਦ, ਭਜਨ ਗਾਇਨ ਵਿੱਚ ਵੱਖ-ਵੱਖ ਥਾਵਾਂ ਤੇ ਅਨੇਕਾਂ ਹੀ ਇਨਾਮ ਪ੍ਰਾਪਤ ਕਰ ਚੁੱਕੇ ਹਨ।

ਮਾਸਟਰ ਇਕਬਾਲ ਸਿੰਘ ਦਾ ਵਿਆਹ 19 ਨਵੰਬਰ 2001 ਈਸਵੀ ਨੂੰ ਦਿੱਲੀ ਨਿਵਾਸੀ ਸ਼੍ਰੀਮਤੀ ਹੇਮਾ ਨਾਲ ਹੋਇਆ । ਪਤਨੀ ਦੀ ਨਿਗ੍ਹਾ ਥੋੜ੍ਹੀ ਜਿਹੀ ਹੈ। ਉਹਨਾਂ ਨੂੰ ਚੱਲਣ ਫਿਰਨ ਜਾਂ ਆਉਣ-ਜਾਣ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ । ਇਹਨਾਂ ਦੇ ਘਰ ਦੋ ਧੀਆਂ (ਸੰਚਾਰੀ ਅਤੇ ਸੁਰਮਨੀ ) ਤੇ ਇੱਕ ਪੁੱਤਰ (ਮਨਰਾਗ ਸਿੰਘ) ਨੇ ਜਨਮ ਲਿਆ । ਤਿੰਨੇ ਬੱਚੇ ਹੀ ਵਾਹਿਗੁਰੂ ਜੀ ਦੀ ਕਿਰਪਾ ਨਾਲ ਠੀਕ-ਠਾਕ ਹਨ । ਮਾਸਟਰ ਇਕਬਾਲ ਸਿੰਘ ਆਪਣੇ ਗ੍ਰਹਿ ਬੀ-31/1136/205/75-ਸੀ, ਗ਼ਲੀ ਨੰਬਰ 1, ਕੁਨਾਲ ਕਲੋਨੀ, ਮੁੰਡੀਆਂ ਕਲਾਂ ਲੁਧਿਆਣਾ ਵਿਖੇ ਪਰਿਵਾਰ ਸਮੇਤ ਸੁਖੀ ਜੀਵਨ ਬਸਰ ਕਰ ਰਹੇ ਹਨ ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**

**# 1138/63-ਏ, ਗੁਰੂ ਤੇਗ ਬਹਾਦਰ ਨਗਰ,**

**ਗਲੀ ਨੰਬਰ 1, ਚੰਡੀਗੜ੍ਹ ਰੋਡ,**

**ਜਮਾਲਪੁਰ, ਲੁਧਿਆਣਾ ।**

**Emial :-karnialisnghma@gmial.com**

# ਬਲੈਕ ਇਨ ਵਾਈਟ ਟੀ.ਵੀ ਤੋ ਪਾਲੀਵੁੱਡ, ਬਾਲੀਵੁੱਡ ਦੀਆਂ ਫੀਚਰ ਫ਼ਿਲਮਾਂ ਆਪਣਾ ਸੁਮਾਰ ਕਰਵਾਇਆ:- ਚਰਚਿਤ ਕਮੇਡੀਅਨ ਘੁੱਲੇਸ਼ਾਹ ਨੇ





ਪੰਜਾਬ ਹੀ ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਕਮੇਡੀ ਕਰਕੇ ਪਹਿਚਾਣ ਸਥਾਪਿਤ ਕਰਨ ਵਾਲੇ , ਚਰਚਿਤ ਕਮੇਡੀਅਨ "ਘੁੱਲੇਸ਼ਾਹ ਜੀ" ਕਮੇਡੀ ਨਾਮ ਹੈ। ਓਨਾਂ ਦਾ ਅਸਲ ਨਾਮ "ਸੁਰਿੰਦਰ ਫਰਿਸ਼ਤਾ" ਹੈ। ਓਨਾਂ ਦਾ ਜਨਮ ਪੰਜਾਬ ਓਸ ਪਵਿੱਤਰ ਪਾਵਨ ਅਸਥਾਨ ਤੇ ਹੋਇਆਂ, ਜਿਥੇ ਦੁਨੀਆਂ ਭਰ ਵਿੱਚ ਬਾਲੀਵੁੱਡ, ਪਾਲੀਵੁੱਡ ਵਿੱਚ ਨਾਮਣਾ ਖੱਟਣ ਵਾਲੀਆਂ ਅਨੇਕਾਂ ਦਿਗਜ ਹਸਤੀਆਂ ਦਾ ਜਨਮ ਹੋਇਆਂ, ਪੰਜਾਬ ਦਾ ਦਿਲ ਕਿਹਾ ਜਾਣ ਵਾਲਾ , ਗੁਰੂ ਕੀ ਨਗਰੀ ਕਹੀ ਪਵਿੱਤਰ ਪਾਵਨ ਅਸਥਾਨ , ਜਿਥੇ ਸਿੱਖ ਧਰਮ ਅਕਾਲ ਤਖਤ " ਸ੍ਰੀ ਹਰਮੰਦਰਸਾਹਿਬ ਸਥਾਪਿਤ ਹੈ " ਸ੍ਰੀ ਅੰਮ੍ਰਿਤਸਰ ਸਾਹਿਬ ਜੀ" ਓਸ ਧਰਤੀ ਤੇ ਜਨਮੇ ਹਨ। ਏਨਾਂ ਦੇ ਪਿਤਾ ਜੀ ਦਾ ਨਾਮ ਸਵ.ਸੁਰਜੀਤ ਸਿੰਘ ਤੇ ਮਾਤਾ ਦਾ ਨਾਮ ਕੌਸ਼ਲਿਆ ਦੇਵੀ ਹੈ। ਏਨਾਂ ਦੇ ਮਾਮਾ ਜੀ ਚਰਚਿਤ ਅਦਾਕਾਰ, ਫਾਈਟਰ ਤੇ ਪ੍ਰੋਡਿਊਸਰ "ਚਮਨ ਲਾਲ ਸ਼ੁਗਲ ਸਨ।

ਏਨਾਂ ਦਾ ਪਹਿਲਾ ਨਾਟਕ ਜੋ ਹਿੰਦੀ ਵਿੱਚ " ਦੁਲਹਨ" ਸੀ। ਏਨਾਂ ਨਾਟਕਾਂ ਤੋ ਇਲਾਵਾ ਸੀਰੀਅਲ ਵਿਚ ਕੰਮ ਕੀਤਾ। ਜਿਵੇ ਨਿਰਦੇਸ਼ਕ ਦਲਜੀਤ ਅਰੋੜਾ ਤੇ ਨਿਰਮਾਤਾ ਯਸ ਭਾਸਕਰ ਜੀ ਸਨ " ਘੁੱਲੇਸ਼ਾਹ ਦੇ ਕਾਰਨਾਮੇ" ਦੂਰਦਰਸ਼ਨ ਤੇ ਗੁਰਦਿਆਲ ਸਿੰਘ ਫੁੱਲ ਤੇ ਸਰਦਾਰਜੀਤ ਬਾਵਾ ਜੀ ਲਿਖਿਆਂ ਨਾਟਕ " ਰਸਤਾ ਬੰਦ ਹੈ" ਲੋਕਾਂ ਵਿਚ ਕਾਫੀ ਲੋਕਪ੍ਰਿਯ ਹੋਇਆਂ। ਇਸ ਤੋ ਇਲਾਵਾ ਘੁੱਲੇਸ਼ਾਹ ਜੀ ਦੀਆਂ ਆਡੀਓ ਕੈਸੇਟ "ਇੱਕੋ ਪੁੜੀ ਦੇਣੀ ਏ", ਮਸਕਰੀਆਂ, ਘੁੱਲੇਸ਼ਾਹ ਦਾ ਠਾਕਾ ਤੇ ਓ ਘੁੱਲੇਸ਼ਾਹ ਆਦਿ ਆਈਆ। ਏਨਾਂ ਦੇ ਸੋਅ ਘੁੱਲੇਸ਼ਾਹ ਦੀ ਬੱਲੇ ਬੱਲੇ ਤੇ ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ ਅਦਾਕਾਰ ਤੇ ਕਮੇਡੀਅਨ ਜਸਪਾਲ ਭੱਟੀ ਜੀ ਨਾਲ "ਭੰਡ ਪੰਜਾਬ ਦੇ" ਵਿਚ ਬਾਕਮਾਲ ਕਮੇਡੀ ਕਰ ਵਾਹ ਵਾਹ ਖੱਟੀ।

ਘੁੱਲੇਸ਼ਾਹ ਜੀ ਦੀ ਪਹਿਲੀ ਫੀਚਰ ਫਿਲਮ ਜਖਮੀ, ਉਸ ਤੋ ਬਾਅਦ ਲੰਬਰਦਾਰ, ਬਿੱਲੋ, ਅਣਖ ਦੇ ਵਣਜਾਰੇ, ਪੁੰਨਿਆ ਦੀ ਰਾਤ, ਐਮ.ਐਲ.ਏ ਨੱਥਾ ਸਿੰਘ, ਲਗਦਾ ਇਸਕ ਹੋ ਗਿਆਂ, ਜੁਗਾੜੀ ਡੌਟ ਕਾਮ ਆਦਿ ਫਿਲਮ ਖੇਤਰ ਵਿਚ ਆਪਣਾ ਜਲਵਾ ਦਿਖਾ ਚੁੱਕੀਆਂ ਹਨ ਤੇ ਇਸ ਤੋ ਇਲਾਵਾ ਏਨਾਂ ਦੀਆਂ ਆਉਣ ਵਾਲੀਆਂ ਫੀਚਰ ਫਿਲਮਾਂ "ਇਹ ਦਿਲ ਦਾ ਮਾਮਲਾ", ਮੈ ਤੇਰੀ ਤੂੰ ਮੇਰਾ,ਇੰਗਲੈਂਡ ਦੇ ਨਜ਼ਾਰੇ, ਅਮਰੀਕਾ, ਸੱਚ ਬੋਲਦਾ ਬਾਪੂ ਤੇ ਜਿਗਰੇ ਵਾਲਾ ਮੁੰਡਾ ਆਦਿ ਖੂਬਸੂਰਤ ਦਮਦਾਰ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। " ਸੱਚ ਬੋਲਦਾ ਬਾਪੂ" ਵਿਚ ਪਾਲੀਵੁੱਡ ਦੇ ਦਿਗਜ ਅਦਾਕਾਰ ਯੋਗਰਾਜ ਸਿੰਘ ਜੀ ਦੇ ਪਿਤਾ ਦਾ ਰੋਲ ਅਦਾ ਕੀਤਾ। ਇਸ ਦੇ ਨਾਲ ਹੀ ਏਨਾਂ ਇੱਕ ਹਿੰਦੀ ਮੂਵੀ "ਪਰੇਸ਼ਾਨਪੁਰ" ਤੇ ਇੱਕ ਭੋਜਪੁਰੀ ਵਿੱਚ ਫਿਲਮ ਜਿਸਦਾ ਦਾ ਨਾਮ " ਤੁਮ ਹਮਾਰ ਹਮ ਤੁਮਾਰ" ਆਪਣੀ ਵਧੀਆਂ ਅਦਾਕਾਰੀ ਦੇ ਜੌਹਰ ਦਿਖਾਏ।

ਹੁਣ ਗੱਲ ਕਰਦੇ ਹਾਂ,ਓਸ ਸਮੇ ਦੀ ਬਲੈਕ ਇਨ ਵਾਈਟ ਟੀ.ਵੀ ਜਿੰਨਾ ਦੇ ਸਟਰ ਲੱਗੇ ਹੁੰਦੇ ਸਨ। ਕੋਠੇ ਤੇ ਲੋਹੇ ਦੇ ਪਾਈਪ ਤੇ ਐਲਮੂਨੀਅਮ ਦਾ ਅਨਟੀਨਾ ਹੁੰਦਾ ਸੀ। ਪਹਿਲਾ ਜਲੰਧਰ ਦੂਰਦਰਸ਼ਨ ਤੇ ਦਿੱਲੀ ਦੂਰਦਰਸ਼ਨ ਤੇ ਕਦੇ ਕਦੇ ਪਾਕਿਸਤਾਨ ਦਾ ਸਟੇਸ਼ਨ ਫੜ ਲੈਂਦਾ ਸੀ। ਉਸ ਵਿੱਚ ਨਿਲਾਮ ਘਰ ਚੱਲਦਾ ਦੇਖਦੇ ਸੀ। ਪੰਜਾਬੀ ਖਬਰਾਂ "ਰਮਨ ਜੀ" ਦੀਆਂ ਵਧੀਆਂ ਲੱਗਦੀਆਂ।

ਅਸੀ ਘੁੱਲੇਸ਼ਾਹ ਜੀ ਦੀ ਕਮੇਡੀ "ਮੇਰਾ ਪਿੰਡ ਮੇਰੇ ਖੇਤ" ਪ੍ਰੋਗਰਾਮ ਰਾਹੀ ਤਕਰੀਬਨ ਚਾਰ ਪੰਜ ਸਾਲ ਲਗਾਤਾਰ ਕਿਸਾਨ ਵੀਰਾਂ ਨਾਲ ਜੁੜੇ ਲਿਸ਼ਕਾਰਾ, ਝਿਰਮਲ ਤਾਰੇ ,ਜਸਨ ਦੀ ਰਾਤ,ਸੀਨੀਅਰ ਸਿਟੀਜਨ ਡੇਅ ਤੇ ਵਿਸਾਖੀ ਤੇ ਨਵੇ ਸਾਲ ਵਿੱਚ ਪ੍ਰੋਗਰਾਮ ਵਿੱਚ। ਉਸ ਸਮੇ ਸਾਡੇ ਲੀਜੈਂਡ ਚਰਚਿਤ ਕਮੇਡੀਅਨ ਮਹਰੂਮ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾਂ, ਗੁਰਪ੍ਰੀਤ ਘੁੱਗੀ , ਚਾਚਾ ਰੌਣਕੀ ਰਾਮ ਤੇ ਜਤਿੰਦਰ ਜੱਬਲ ਆਦਿ ਕਮੇਡੀਅਨ ਲੋਕਾਂ ਦੇ ਹਸਾ ਹਸਾ ਢਿੱਡੀ ਪੀੜਾ ਪਾਉਂਦੇ ਸਨ।

ਜੇਕਰ ਘੁੱਲੇਸ਼ਾਹ ਜੀ ਦੀਆਂ ਸਟੇਜਾਂ ਦੀ ਗੱਲ ਕਰੀਏ ਤਾਂ ਘੁੱਲੇਸ਼ਾਹ ਜੀ ਨੇ ਦੂਜੇ ਰਾਜਾਂ ਵਿਚ ਤਾਂ ਆਪਣੀ ਕਮੇਡੀ ਦੇ ਰੰਗ ਬਿਖੇਰੇ ਨਾਲ ਹੀ ਵਿਦੇਸ਼ਾਂ ਵਿਚ ਲੋਕਾਂ ਦਾ ਦਿਲ ਜਿੱਤਿਆਂ। ਪਰਮਾਤਮਾ ਸਾਡੇ ਸਭ ਦੇ ਅਜੀਜ ਕਮੇਡੀਅਨ ਘੁੱਲੇਸ਼ਾਹ ( ਸੁਰਿੰਦਰ ਫਰਿਸ਼ਤਾ) ਜੀ ਦੀ ਉਮਰ ਦਰਾਜ ਕਰੇ ਤੇ ਅਸੀ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ ਦੁਆਵਾਂ। ਆਮੀਨ

**ਸ਼ਿਵਨਾਥ ਦਰਦੀ ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:- 9855155392**


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com Dhammawaves
E-mail : dhammawaves.info@gmail.com
Venerable Bhikkhu Bodhipalo Mahathero
Dhamma Desna By : Venerable Bhikkhu Bodhipalo Mahathero
Topic: "In Buddh Dhamm why chetna but not soul"
विषय: विषय: बुद्ध धम्म में चेतना है , आत्मा क्यों नहीं?
विषय: भाईचारे का पैग़ाम और डा: अम्बेडकर
Message of brotherhood and Dr. Ambedkar
Sunday Nov.2nd,25 at 8 Pm Indian Time
Live on Facebook
Guest Speaker: Mr. Mangat Ram Pasla
General Secretary
Revolutionary Marxist Party of India (RMPI)

# ਪੱਤਰਕਾਰੀ ਦਾ ਡਿਗਦਾ ਗ੍ਰਾਫ

ਪਹਿਲਾਂ ਪਹਿਲ ਜਦੋਂ ਅਖ਼ਬਾਰਾਂ ਛਪਣੀਆਂ ਸ਼ੁਰੂ ਹੋਈਆਂ ਤਾਂ ਇਲਾਕੇ 'ਚ ਹੋਣ ਵਾਲੀਆਂ ਸਰਗਰਮੀਆਂ ਜਾਂ ਘਟਨਾਵਾਂ ਨਾਲ ਸੰਬੰਧਿਤ ਖ਼ਬਰਾਂ ਚਿੱਠੀ/ਪੱਤਰ ਰਾਹੀਂ ਲਿਖ ਕੇ ਅਖ਼ਬਾਰਾਂ ਦੇ ਦਫਤਰ ਭੇਜੀਆਂ ਜਾਂਦੀਆਂ ਸਨ। ਇਹ ਕੰਮ ਕਰਨ ਵਾਲੇ ਲੋਕਾਂ (ਪ੍ਰਤੀਨਿਧੀਆਂ) ਨੂੰ ਪੱਤਰਕਾਰ ਦਾ ਨਾਂ ਦਿੱਤਾ ਗਿਆ ਤੇ ਪੱਤਰਕਾਰੀ ਨੂੰ ਲੋਕਤੰਤਰ ਦੇ ਚੌਥੇ ਸਤੰਭ ਦਾ ਦਰਜਾ ਪ੍ਰਾਪਤ ਹੋਇਆ ਜੋ ਕਿ ਬਿਲਕੁਲ ਢੁਕਵਾਂ ਤੇ ਸਹੀ ਸੀ। ਓਦੋਂ ਅਖ਼ਬਾਰਾਂ ਵੀ ਨਿਰਪੱਖ ਹੁੰਦੀਆਂ ਸਨ ਤੇ ਪੱਤਰਕਾਰ ਵੀ। ਅਨੁਸ਼ਾਸਨ ਐਨਾ ਕਿ ਜੇ ਕੋਈ ਪੱਤਰਕਾਰ ਵਿਕ ਗਿਆ ਤਾਂ ਉਸਨੂੰ ਸੰਬੰਧਿਤ ਅਖ਼ਬਾਰ 'ਚੋਂ ਕੱਢ ਦਿੱਤਾ ਜਾਂਦਾ ਸੀ। ਹੌਲੀ-ਹੌਲੀ ਹਾਲਾਤ ਬਦਲਣ ਲੱਗੇ। ਸਮੇਂ ਨਾਲ ਸੰਚਾਰ ਦੇ ਸਾਧਨ ਵਧਦੇ ਗਏ ਤੇ ਇੱਕ ਤੋਂ ਬਾਅਦ ਇੱਕ, ਨਿੱਤ ਨਵੀਂ ਤਬਦੀਲੀ ਆਉਂਦੀ ਗਈ। ਖ਼ਬਰਾਂ ਪਹਿਲਾਂ ਫੈਕਸ ਹੋਣ ਲੱਗੀਆਂ ਤੇ ਬਾਅਦ ਚ ਈ ਮੇਲ ਰਾਹੀਂ ਭੇਜੀਆਂ ਜਾਣ ਲੱਗੀਆਂ। ਅੱਜ-ਕਲ ਤੇ ਕਿਤੇ ਜਾਣ ਦੀ ਲੋੜ ਈ ਨੀ ਪੈਂਦੀ, ਘਰੇ ਬੈਠੇ ਸਿੱਧਾ ਮੋਬਾਇਲ ਰਾਹੀਂ ਹੀ ਸਾਰਾ ਕੰਮ ਹੋ ਜਾਂਦਾ ਏ। ਜਿੱਥੇ ਤੇ ਜਿਹਨੂੰ ਮਰਜ਼ੀ, ਜੋ ਮਰਜ਼ੀ ਭੇਜ ਦਵੋ। ਸਮੇਂ ਨਾਲ ਪੱਤਰਕਾਰਾਂ ਦੇ ਹੱਥ ਚ ਮਾਈਕ, ਆਵਾਜ਼ ਰਿਕਾਰ-ਡਰ ਤੋਂ ਹੁੰਦੇ ਹੋਏ ਕੈਮਰੇ ਤੇ ਕੈਮਰਿਆਂ ਵਾਲੇ ਮੋਬਾਇਲ ਆ ਗਏ। ਸਿਰਫ ਇੱਕ ਯੰਤਰ ਨਾਲ ਹੀ ਸਾਰਾ ਕੰਮ ਹੋਣ ਲੱਗਾ। ਨਿਰਪੱਖਤਾ ਤੇ ਇਮਾਨਦਾਰੀ ਦਾ ਸਮਾਂ ਦੂਰ ਹੁੰਦਾ ਗਿਆ ਤੇ ਇੱਕ ਨਵਾਂ ਦੌਰ ਸ਼ੁਰੂ ਹੋ ਗਿਆ। ਚਾਪਲੂਸੀ ਦਾ, ਵਿਕਣ ਦਾ, ਬਲੈਕ ਮੇਲਿੰਗ ਦਾ ਤੇ ਕਮਾਈ ਦਾ ਦੌਰ। ਜਿਸ ਪੱਤਰਕਾਰੀ ਨੂੰ ਲੋਕਤੰਤਰ ਦੇ ਚੌਥੇ ਸਤੰਭ ਦਾ ਦਰਜਾ ਪ੍ਰਾਪਤ ਸੀ, ਹੁਣ ਉਹ ਥੰਮ ਲੋਕਤੰਤਰ ਲਈ ਗ੍ਰਹਿਣ ਸਾਬਤ ਹੋਣ ਲੱਗਾ। ਹਾਲ ਇਹ ਹੈ ਕਿ ਅੱਜ ਲੋਕਤੰਤਰ ਦਾ ਇਹ ਸਤੰਭ ਸਿਉਂਕ ਤੇ ਜੰਗਾਲ ਦੀ ਭੇਟ ਚੜ੍ਹ ਕੇ ਖੋਖਲਾ ਹੋ ਗਿਆ ਏ। ਕਦੀ ਪੱਤਰਕਾਰ ਨੂੰ ਅਖ਼ਬਾਰਾਂ ਕੋਲੋਂ ਖ਼ਬਰਾਂ ਲਾਉਣ ਲਈ ਮਾਣ-ਭੱਤੇ ਦੇ ਤੌਰ ਤੇ ਪੈਸੇ ਮਿਲਦੇ ਸਨ ਪਰ ਹੁਣ ਦਾ ਪੱਤਰਕਾਰ ਇਸ ਸਭ ਤੇ ਨਿਰਭਰ ਨੀ ਰਿਹਾ। ਹੁਣ ਲਾਉਣ ਨਾਲੋਂ ਖ਼ਬਰਾਂ ਰੋਕਣ ਦੇ ਨੋਟ ਮਿਲਦੇ ਨੇ, ਉਨ੍ਹਾਂ ਕੋਲੋਂ ਜਿਹੜੇ ਕਿ ਕਾਲੇ ਧੰਦੇ ਤੇ ਇਸ ਨਾਲ ਜੁੜੇ ਕਾਰੋਬਾਰ ਕਰਦੇ ਨੇ। ਅਖ਼ਬਾਰਾਂ ਨਾਲ ਜੁੜੇ ਪੱਤਰਕਾਰ ਘਟਦੇ ਜਾ ਰਹੇ ਨੇ। ਅਖ਼ਬਾਰ ਨੂੰ ਖ਼ਬਰ ਭੇਜਣ ਤੇ ਲਗਾਉਣ ਨਾਲੋਂ ਕੈਮਰੇ ਨਾਲ ਵੀਡੀਓ ਬਣਾ ਕੇ ਨੈੱਟ ਤੇ ਛੋਟਾ ਜਿਹਾ ਕਲਿੱਪ ਚਲਾਉਣ ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਬਹੁਗਿਣਤੀ ਮੀਡੀਆ ਦੇ ਲੋਕ ਅੱਜ ਪੇਸ਼ਵਰ ਹੋ ਗਏ ਨੇ ਤੇ ਪੱਤਰਕਾਰੀ ਅਜਿਹੇ ਲੋਕਾਂ ਲਈ ਮਹਿਜ਼ ਧੰਦਾ ਬਣ ਕੇ ਰਹਿ ਗਈ ਹੈ। ਕਿਸੇ ਸਮੇਂ ਅਜਿਹੇ ਲੋਕ ਆਟੇ ਚ ਲੂਣ ਬਰਾਬਰ ਸਨ ਪਰ ਅੱਜ ਸਾਰੀ ਦਾਲ ਹੀ ਕਾਲੀ ਹੋ ਗਈ ਏ। ਹਾਂ ਕੁਝ ਵਿਰਲੇ ਟਾਵੇਂ ਜ਼ਰੂਰ ਬਚੇ ਨੇ ਪਰ ਬਹੁਤ ਘੱਟ। ਸਮਾਜਿਕ ਖ਼ਬਰਾਂ ਲਗਾ ਕੇ ਕੋਈ ਪੱਤਰਕਾਰ ਰਾਜ਼ੀ ਨੀ ਪਰ ਰਾਜਨੀਤਿਕ ਲੋਕਾਂ ਦੀਆਂ ਖ਼ਬਰਾਂ ਧੜਾ-ਧੜ ਥੋਕ ਚ ਲੱਗਦੀਆਂ ਨੇ।

ਖੁਦ ਦੇ ਦੇਖਣ ਦੀ ਗੱਲ ਏ ਇਹੋ ਜਿਹੇ ਇੱਕ ਅਖੌਤੀ ਪੱਤਰਕਾਰ ਨੇ ਕਿਸੇ ਘਟਨਾ ਦੀ ਵੀਡੀਓ ਬਣਾ ਲਈ। ਮੈਂ ਕੋਲ ਈ ਖੜਾ ਸੀ। ਉਸਨੂੰ ਕਿਹਾ ਕਿ ਪੋਸਟ ਬਣਾ ਕੇ ਪਾ ਦੇ। ਕਹਿੰਦਾ ਰੁਕੋ ਅਖ਼ਬਾਰ ਨੂੰ ਭੇਜਣੀ ਹੈ, ਖ਼ਬਰ ਛਪਣ ਤੋਂ ਬਾਅਦ ਪਾਵਾਂਗਾ। ਦੋ ਕੁ ਦਿਨ ਬਾਅਦ ਮਿਲਿਆ ਤਾਂ ਖ਼ਬਰ ਬਾਰੇ ਪੁੱਛਣ ਤੇ ਕਹਿਣ ਲੱਗਾ, ਯਾਰ ਬੰਦੇ ਮੂੰਹ-ਮੱਥੇ ਲੱਗਦੇ ਸਨ ਤੇ ਮਿੰਨਤਾਂ ਈ ਕਰਨ ਲੱਗ ਗਏ। ਮੈਂ ਸਮਝ ਗਿਆ ਕਿ ਮੂੰਹ-ਮੱਥੇ ਵਾਲੀ ਗੱਲ ਨੀ ਸਗੋਂ ਮੂੰਹ ਈ ਕਾਲਾ ਕਰਵਾ ਲਿਆ ਏ। ਇੱਕ ਹੋਰ ਘਟਨਾ ਚ ਪੁਲਸ ਨੇ ਕਿਸੇ ਅਮੀਰਜ਼ਾਦੇ ਦੀ ਗੱਡੀ ਰੋਕ ਕੇ ਤਲਾਸ਼ੀ ਲੈਣ ਉਪਰੰਤ ਕਾਲੀਆਂ ਜਾਲੀਆਂ ਲਾਹ ਕੇ ਆਪਣੀ ਗੱਡੀ ਚ ਰਖਵਾ ਲਈਆਂ ਤੇ ਚਿਤਾਵਨੀ ਦੇ ਕੇ ਛੱਡ ਦਿੱਤਾ। ਕੋਲ ਈ ਇੱਕ ਹੋਰ ਮੀਡੀਆ ਵਾਲਾ ਖੜਾ ਸੀ। ਮੈਂ ਕਿਹਾ ਪਾ ਦੇ ਪੋਸਟ। ਕਹਿੰਦਾ ਬੰਦੇ ਖ਼ਤਰਨਾਕ ਨੇ, ਐਵੇਂ ਰਾਹ-ਵਾਟੇ ਘੇਰ ਕੇ ਕੰਮ ਕਰ ਦੇਣਗੇ। ਇਵੇਂ ਹੀ ਇੱਕ ਹੋਰ ਮਿੱਤਰ ਨੂੰ ਕੋਈ ਸਮਾਜਿਕ ਖ਼ਬਰ ਲਗਾਉਣ ਲਈ ਭੇਜੀ ਪਰ ਉਸਨੇ ਕੋਈ ਹੁੰਗਾਰਾ ਈ ਨੀ ਭਰਿਆ। ਦੱਸੋ, ਕੀ-ਕੀ ਗੱਲ ਕਰੀਏ। ਝੱਗਾ ਚੁੱਕਿਆਂ ਬਹੁਤਿਆਂ ਦਾ ਢਿੱਡ ਨੰਗਾ ਹੋਣਾ ਤੇ ਇਸ ਹਮਾਮ ਚ ਬਹੁਤ ਜਾਣੇ ਨੰਗੇ ਹੋ ਜਾਣੇ ਨੇ। ਹੁਣ ਦੇ ਹਾਲਾਤ ਵੇਖ ਕੇ ਅਸਲ ਤੇ ਪੁਰਾਣੇ ਪੱਤਰਕਾਰ ਖਿਝਦੇ ਤਾਂ ਹਨ ਪਰ ਮਜਬੂਰ ਨੇ ਕਰ ਕੁਝ ਨੀ ਸਕਦੇ। ਚੁੱਪ-ਚਾਪ ਸਭ ਵਿੰਹਦੇ ਨੇ ਤੇ ਅੰਦਰੋ-ਅੰਦਰੀ ਤੜਫਦੇ ਰਹਿੰਦੇ ਨੇ। ਅਜਿਹੇ ਚ ਸਾਖ ਬਚਾਉਣ ਦਾ ਇੱਕੋ ਤਰੀਕਾ ਬਚਿਆ ਏ ਕਿ ਜਿਸ ਤਰਾਂ ਪੱਤਰ ਵਿਹਾਰ ਬੰਦ ਹੋ ਗਿਆ ਏ, ਇਸੇ ਤਰਾਂ ਸਮੇਂ ਮੁਤਾਬਕ ਪੱਤਰਕਾਰ ਸ਼ਬਦ ਦਾ ਵੀ ਨਾਂ ਬਦਲ ਕੇ ਹੁਣ ਦੇ ਸਾਧਨਾਂ ਤੇ ਕੰਮਾਂ ਨਾਲ ਮਿਲਦਾ-ਜੁਲਦਾ ਰੱਖ ਦੇਣਾ ਚਾਹੀਦਾ ਏ। ਘੱਟੋ-ਘੱਟ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਕੋਈ ਭੁਲੇਖਾ ਤਾਂ ਨਹੀਂ ਰਹੇਗਾ ਤੇ ਇਸ ਪਵਿੱਤਰ ਤੇ ਸੱਚੇ-ਸੁੱਚੇ ਸ਼ਬਦ ਦੀ ਹੋਂਦ ਤਾਂ ਬਰਕਰਾਰ ਰਹਿ ਜਾਊ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਔਲੇ ਦਾ ਖਾਧਾ ਤੇ

ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਔਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਬਾਦ ਵਿੱਚ ਪਤਾ ਚਲਦਾ ਹੈ। ਪਹਿਲੀ ਗੱਲ ਤਾਂ ਅਸੀਂ ਸਾਹਮਣੇ ਵਾਲੇ ਨੂੰ ਸਿਆਣਾ ਮੰਨਣ ਲਈ ਤਿਆਰ ਹੀ ਨਹੀਂ ਹੁੰਦੇ। ਸਾਡੀ ਈਗੋ ਆੜੇ ਆ ਜਾਂਦੀ ਹੈ। ਹੁਣ ਆਪਣੇ ਨਾਲੋਂ ਅਸੀਂ ਕਿਸੀ ਬੇਗਾਨੇ ਨੂੰ ਸਿਆਣਾ ਕਿਉਂ ਸਮਝੀਏ। ਬਾਕੀ ਇਹ ਜਰੂਰੀ ਵੀ ਨਹੀਂ ਕਿ ਅਗਲਾ ਸਚੀਓਂ ਸਿਆਣਾ ਹੋਊ। ਦੂਜੀ ਗੱਲ ਹੁਣ ਛੋਟਾ ਜਿਹਾ ਔਲਾ ਸਾਡਾ ਕੀ ਸੰਵਾਰੂ। ਦਿਨ ਦੀਆਂ ਛੇ ਰੋਟੀਆਂ ਤੇ ਬਾਟਾ ਚਾਹ ਦਾ ਪੀਣ ਵਾਲੇ ਦਾ ਵਿਚਾਰਾ ਔਲਾ ਕੀ ਕਰੂ। ਮਨ ਵਿੱਚ ਬਥੇਰੇ ਸਵਾਲ ਉੱਠਦੇ ਪਰ ਕਿੰਤੂ ਨਾ ਕਰਦੇ। ਜ਼ਿੰਦਗੀ ਚ ਬਹੁਤ ਵਾਰੀ ਹੋਇਆ ਕਿ ਕਿਸੇ ਸਿਆਣੇ ਦੀ ਦਿੱਤੀ ਮੱਤ ਨੇ ਡੁੱਬਦੀ ਬੇੜੀ ਤਾਰ ਦਿੱਤੀ। ਵਾਕਿਆ ਹੀ ਕਿਸੇ ਦੀ ਸਿਆਣੀ ਗੱਲ ਜ਼ਿੰਦਗੀ ਸੰਵਾਰ ਦਿੰਦੀ ਹੈ। ਭਾਵੇਂ ਬਾਅਦ ਵਿੱਚ ਅਸੀਂ ਉਸਨੂੰ ਸਾਰਾ ਕਰੈਡਿਟ ਦੇਣ ਤੋਂ ਸੰਕੋਚ ਕੀਤਾ। ਸਾਡੇ ਚ ਹਉਮੈ ਜੋ ਭਰੀ ਹੋਈ। ਅਗਲੇ ਨੂੰ ਸ਼ੁਕਰੀਆ ਵੀ ਨਾ ਢੰਗ ਨਾਲ ਬੋਲਿਆ। ਇਹ ਮੇਰੀ ਨਹੀਂ ਸਭ ਦੀ ਹੀ ਮਾਨਸਿਕਤਾ ਹੈ। ਅਸੀਂ



ਸੋਚਦੇ ਹਾਂ ਕਿ ਥੈਂਕਸ ਸ਼ੁਕਰੀਆ ਕਰਨ ਨਾਲ ਸਾਡਾ ਕੱਦ ਛੋਟਾ ਹੋ ਜਾਵੇਗਾ। ਜੋ ਸਾਡੇ ਤੋਂ ਬਰਦਾਸਤ ਨਹੀਂ ਹੁੰਦਾ। ਉਂ ਅਸੀਂ ਅੰਗਰੇਜ਼ੀ ਨੂੰ ਮੂੰਹ ਮਾਰਨ ਵੇਲੇ ਬਿਨਾਂ ਗੱਲ ਤੋਂ ਹੀ ਅਗਲੇ ਨੂੰ ਥੈਂਕੂ ਥੈਂਕੂ ਬੋਲੀ ਜਾਂਦੇ ਹਾਂ। ਪਰ ਮੰਨੋ ਨਾ ਮੰਨੋ ਸਹੀ ਮੌਕੇ ਤੇ ਅਸੀਂ ਗੁਰੇਜ਼ ਹੀ ਕਰਦੇ ਹਾਂ।

"ਬਾਈ ਸਾਗ ਬਣਾਉਣ ਵੇਲੇ ਵਿੱਚ ਇੱਕ ਮੂਲੀ ਦੇ ਪੱਤੇ ਪਾ ਦਿਆ ਕਰੋ। ਸਾਗ ਕਰਾਰਾ ਬਣਦਾ ਹੈ ਤੇ ਫਿਰ ਇਹ ਗੈਸ ਵੀ ਨਹੀਂ ਬਣਾਉਂਦਾ।" ਸੰਗਰੂਰ ਵਾਲੇ ਬਾਈ ਰਮੇਸ਼ਵਰ ਸਿੰਘ ਪੱਤਰਕਾਰ ਨੇ ਮੈਨੂੰ ਫੋਨ ਤੇ ਮਸ਼ਵਰਾ ਦਿੱਤਾ। ਉਹ ਸਿੱਧ ਪੱਧਰੀਆਂ ਜਿਹੀਆਂ ਗੱਲਾਂ ਕਰਦਾ ਹੈ ਪਰ ਉਸਦੀ ਗੱਲ ਵਿੱਚ ਵਜ਼ਨ ਹੁੰਦਾ ਹੈ। ਇਹ ਮੈਂ ਪਹਿਲਾਂ ਵੀ ਕਿਤੋਂ ਪੜ੍ਹਿਆ ਸੀ ਪਰ ਬਹੁਤੀ ਤਵੱਜੋ ਨਹੀਂ ਸੀ ਦਿੱਤੀ। ਇਸ ਵਾਰ ਮੈਂ ਇਹ ਮਸ਼ਵਰਾ ਅੱਗੇ ਹਾਈ ਕਮਾਂਡ ਕੋਲ੍ਹ ਸਰਕਾ ਦਿੱਤਾ। ਬੇਗਮ ਨੇ ਸਾਗ ਸੰਵਾਰਨ ਵੇਲੇ ਯਾਦ ਰੱਖਿਆ ਤੇ ਕੋਲ੍ਹ ਪਈ ਤਾਜ਼ੀ ਮੂਲੀ ਦੇ ਪੱਤੇ ਵਿੱਚੇ ਹੀ ਕੁਤਰ ਦਿੱਤੇ। ਮੇਰੇ ਇੰਨਾ ਕੁ ਤਾਂ ਯਾਦ ਹੈ ਕਿ ਪਿੰਡ ਚਾਚੀ ਜਸਕੁਰ ਤਾਂ ਮੂਲੀ ਵੀ ਸਾਗ ਵਿੱਚ ਕੁਤਰ ਦਿੰਦੀ ਸੀ। ਖੈਰ ਮੂਲੀ ਦੇ ਪੱਤੇ ਪਾਉਣ ਨਾਲ ਸਾਗ ਵੀ ਕਰਾਰਾ ਬਣਿਆ ਤੇ ਲੱਗਦਾ ਗੈਸ ਤੇਜ਼ਾਬ ਦੀ ਵੀ ਬੱਚਤ ਹੀ ਰਹੂ। ਬਾਈ ਕਹਿੰਦਾ ਕਿ ਮੈਂ ਦੋ ਔਲੇ ਸਵੇਰੇ ਖਾਂਦਾ ਹਾਂ ਤੇ ਦੋ ਸ਼ਾਮੀ। ਇਹ ਤਾਂ ਯਾਰ ਮੇਰੇ ਫੇਵਰਿਟ ਵੀ ਹਨ ਮੈਂ ਤਾਂ ਦੁਪਹਿਰੇ ਵੀ ਦੋ ਖਾਂਦਾ ਹਾਂ।



**ਰਮੇਸ਼ ਸੇਠੀ ਬਾਦਲ**
9876627233

# ਚਲੋ, ਅੱਜ ਫਿਰ ਕੋਈ ਭੁੱਲੀ ਵਿੱਸਰੀ ਯਾਦ ਚੇਤੇ ਕਰੀਏ

(ਇੱਥੇ ਮੇਰਾ ਇਹ ਮਤਲਬ ਬਿਲਕੁਲ ਨਹੀਂ, ਕਿ ਜੇਕਰ ਕੋਈ ਸਮਝੇ ਵੈਦ ਹਮੇਸ਼ਾ ਪਿਛਾਂਹ ਖਿੱਚੂ ਗੱਲ ਕਰਦਾ ਰਹਿੰਦਾ ਹੈ। ਮੇਰਾ ਮਤਲਬ ਹੁੰਦਾ, ਮੇਰੇ ਅਪਣੇ ਹਮ ਉਮਰ ਲੋਕਾਂ ਨੂੰ ਉਹ ਪੁਰਾਣੇ ਦਿਨ ਯਾਦ ਕਰਾਉਣਾ, ਜਿਹੜੇ ਉਹ ਬਿਲਕੁਲ ਭੁੱਲ ਭੁਲਾ ਚੁੱਕੇ ਨੇ। ਵੈਸੇ ਇਹ ਬਾਬਾ ਸਮੇਂ ਨਾਲ ਚੱਲਣ ਵਾਲਾ ਆਦਮੀ ਹੈ। ਕਦੇ ਸਾਨੂੰ ਜਿੰਨੀ ਵੇਜੰਤੀ ਮਲਾ, ਨੂਤਨ, ਤਨੂਜਾ, ਮੌਸਮੀ ਚੈਟਰਜੀ, ਹੇਮਾ ਰੇਖਾ ਵਰਗੀਆਂ ਜਿੰਨੀਆਂ ਪਸੰਦ ਸੀ। ਜਦ ਅਸੀਂ ਪਰਦੇ ਨੂੰ ਹੀ ਅੱਖਾਂ ਮਾਰਦੇ ਰਹਿੰਦੇ ਸੀ। ਇਹ ਸੋਚ ਕੇ, ਕਿ ਕਿੰਨਾ ਸੋਹਣਾ ਪੁਰਜ਼ਾ ਸਾਡੇ ਸਾਹਮਣੇ ਨੱਚ ਰਿਹਾ ਹੈ। ਓਨਾ ਹੀ ਸਾਨੂੰ ਅੱਜ ਦੀਆਂ ਆਲੀਆ ਭੱਟ ਤੇ ਰਿੰਕਲਪ੍ਰੀਤ ਵਗੈਰਾ ਵੀ ਪਸੰਦ ਨੇ। ਕਿਉਂਕਿ ਦਿਲ ਤਾਂ ਅਸੀਂ ਕਦੇ ਬੁੱਢਾ ਹੋਣ ਦਿੱਤਾ ਹੀ ਨਹੀਂ। ਅਸੀਂ ਉਹਨਾਂ ਵਿਚੋਂ ਆਉਂਦੇ ਹਾਂ, ਜਿਹਨਾ ਦੀਦਾਰ ਸੰਧੂ ਤੇ ਮਾਣਕ ਹੋਰਾਂ ਨੂੰ ਜਿੰਨੀ ਸ਼ਿੱਦਤ ਨਾਲ ਸੁਣਿਆ, ਓਨਾ ਜੰਗ ਢਿੱਲੋਂ ਤੇ ਜਸਟਿਨ ਬੀਬਰ ਦਾ ਵੀ ਸਵਾਦ ਨਾਲ ਨਾਲ ਲਿਆ ਹੈ। ਵੈਸੇ ਨਵਾਂ ਪੁਰਾਣਾ ਤਾਂ ਹਿੰਦੀ ਦਾ ਸੰਗੀਤ ਵੀ ਬਹੁਤ ਸੁਣਿਆ ਤੇ ਸੁਣਦਾ ਹਾਂ। ਪਰ ਉਸਦੀ ਗੱਲ ਮੈਂ ਤਾਂ ਘੱਟ ਕਰਦਾ ਹਾਂ, ਕਿ ਸਾਡੇ ਸੋ ਚਓਲਲਦ ਧਰਮੀਆਂ ਦੀ ਬਵਾਸੀਰ ਉਸ ਨਾਲ ਦੁਬਾਰਾ ਚੀਸ ਮਾਰਨ ਲਗਦੀ ਹੈ। ਇਸ ਲਈ ਮੇਰਾ ਪੰਜਾਬੀ ਨੂੰ ਤਰਜੀਹ ਦੇਣਾ ਜਰੂਰੀ ਹੈ। ਇਹ ਗੱਲ ਹੋਰ ਹੈ, ਕਿ ਸਾਡੇ ਖਾਲਿਸਤਾਨ ਦੇ ਜੇਠੇ ਪੁੱਤਾਂ ਨੂੰ ਆਪ ਪੰਜਾਬੀ ਭਾਵੇਂ ਲਿਖਣੀ ਵੀ ਨਾ ਆਉਂਦੀ ਹੋਵੇ, ਪਰ ਵੱਡਿਆਂ ਨੂੰ ਖਿਆਲ ਰੱਖਣਾ ਪੈਂਦਾ ਹੈ।

ਯਾਰ, ਪੋਸਟ ਨਾਲੋਂ ਭੂਮਿਕਾ ਹੀ ਲੰਬੀ ਹੋ ਗਈ। ਮੈਂ ਗੱਲ ਕਰਨ ਲੱਗਾ ਸੀ, ਪਹਿਲਾਂ ਬਣਨ ਵਾਲੇ ਬਾਲੇ ਸ਼ਤੀਰਾਂ ਤੇ ਬਾਅਦ ਵਿਚ ਆਏ ਗਾਡਰਾਂ ਨਾਲ ਜਦ ਬਾਲੇ ਵਾਲੇ ਘਰ ਬਣਦੇ ਸੀ। ਨੱਬੇ ਤੋਂ ਪਹਿਲਾਂ ਜੰਮੇ ਬਹੁਤ ਲੋਕਾਂ ਦੇ ਇਹ ਗੱਲ ਚੇਤੇ ਆਵੇਗੀ ਕਿ ਛੱਤ ਦੇ ਵਿਚਕਾਰ, ਸ਼ਤੀਰ ਜਾਂ ਗਾਡਰ ਉੱਤੇ ਲੋਗੜੀ ਦੇ ਫੁੱਲਾਂ, ਮਣਕਿਆਂ ਨਾਲ ਪਿਰੋਇਆ ਇੱਕ ਹਾਰ ਬੰਨ੍ਹਿਆ ਹੁੰਦਾ ਸੀ। ਜਿਹੜਾ ਕਮਰੇ ਨੂੰ ਸੋਹਣਾ ਰੂਪ ਪ੍ਰਦਾਨ ਕਰਦਾ ਸੀ। ਅਸਲ ਵਿੱਚ ਤਾਂ ਉਹ ਘਰ ਦੇ ਮਾਲਕ ਦੀ ਭੈਣ ਵੱਲੋਂ ਵੀਰੇ ਦੀ ਸੁੱਖਸਾਂਦ ਤੇ ਉਸਦੀ ਤਰੱਕੀ ਨੂੰ ਮੱਦੇ ਨਜ਼ਰ ਰੱਖ ਕੇ ਬੰਨ੍ਹਿਆ ਜਾਂਦਾ ਸੀ। ਭਰਾ ਵਿਆਹਿਆ ਹੋਣ ਤੇ ਭਾਬੀ ਨਣਦ ਨੂੰ ਉਸਦੇ ਮਾਣ ਵਿਚ ਸੂਟ ਦਿੰਦੀ ਤੇ ਉਸਦੇ ਘਰਵਾਲੇ ਲਈ ਖੇਸ ਜਾਂ ਕੰਬਲ ਵੀ ਲਾਉਂਦੀ ਸੀ। ਇਹ ਸਾਡੇ ਉਹ ਰਿਵਾਜ ਨੇ, ਜਿਹੜੇ ਹੁਣ ਤਾਂ ਅਸੀਂ ਭੁੱਲ ਭੁਲਾ ਚੁੱਕੇ ਹਾਂ। ਫਿਰ ਵੀ ਕਦੇ ਚੇਤੇ ਆ ਹੀ ਜਾਂਦੇ ਨੇ। ਉਸਦੀ ਗੱਲ ਕਦੇ ਬਾਅਦ ਵਿਚ ਕਰਾਂਗੇ, ਜਿਹੜਾ ਘਰ ਪੂਰਾ ਮੁਕੰਮਲ ਹੋਣ ਤੇ ਲੋਕਾਂ ਦੀ ਨਜਰ ਤੋਂ ਬਚਾਅ ਲਈ ਘਰ ਦੇ ਜੰਗਲੇ ਦੇ ਉੱਤੇ ਬਿਲਕੁਲ ਸਾਹਮਣੇ ਮੋਹਨ ਸਿੰਘ ਲੰਗ ਵਰਗੀ ਫੋਟੋ ਬਣਾ ਕੇ ਕੂੰਜਾ ਟੰਗਿਆ ਜਾਂਦਾ ਸੀ।

ਤੁਹਾਡਾ ਆਪਣਾ, ਪੁਰਾਣੇ ਰਿਵਾਜ ਨਾ ਭੁੱਲਣ ਵਾਲਾ



**ਵੈਦ ਬਲਵਿੰਦਰ ਸਿੰਘ ਢਿੱਲੋਂ**
**ਵਿੰਨੀਪੈਗ ਵਾਲਾ॥**
+14312932265

# ਕੰਗਨਾ ਰਣੌਤ-ਕਿਸਾਨ ਔਰਤ ਵਿੰਗ ਦੀ ਪ੍ਰਧਾਨ ਮਹਿੰਦਰ ਕੌਰ





ਭਾਰਤ ਦੇਸ਼ ਵਿੱਚ ਹਰ ਪਾਰਟੀ ਨੇ ਆਪਣੇ ਗੁਰਗੇ ਪਾਲੇ ਹੋਏ ਹਨ। ਗਾਹੇ ਬਗਾਹੇ ਆਪਣੀ ਪਾਰਟੀ ਵਾਸਤੇ, ਵਿਰੋਧੀਆਂ ਨੂੰ ਖੁੱਡੇ ਲਾਈਨ ਲਾਉਣ ਵਾਸਤੇ ਬਿਆਨਬਾਜ਼ੀ ਕਰਦੇ ਰਹਿੰਦੇ ਹਨ। ਮੋਦੀ ਸਾਹਿਬ ਵੀ ਚੁੱਪੀ ਧਾਰੀ ਬੈਠੇ ਰਹਿੰਦੇ ਹਨ, ਜਦੋਂ ਤੱਕ ਕੋਈ ਹੋ ਹੱਲਾ ਨਹੀਂ ਹੁੰਦਾ। ਸ਼ੁਰੂ ਸ਼ੁਰੂ ਵਿੱਚ, ਜਦੋਂ ਇਸ ਦੀ ਗੁੱਡੀ ਚੜ੍ਹੀ, ਤਾਂ ਕੰਗਣਾ ਰਣੌਤ ਦੀ ਕਈ ਫਿਲਮ ਫੇਅਰ ਅਵਾਰਡਾਂ ਵਿੱਚ ਝੰਡੀ ਰਹੀ ਅਤੇ ਉਸਨੂੰ ਪਦਮ ਸ੍ਰੀ ਪੁਰਸਕਾਰ ਵੀ ਮਿਲਿਆ। ਸ਼ਾਹੀਨ ਬਾਗ ਦਿੱਲੀ ਦੇ, ਕਿਸਾਨ ਮੋਰਚੇ ਦੌਰਾਨ, ਕੰਗਣਾ ਰਣੌਤ ਵੀ ਆਪਣੇ ਵਿਚਾਰ ਸਾਂਝੇ ਕਰਦੀ ਰਹਿੰਦੀ ਸੀ। ਕਈ ਵਾਰੀ ਤਾਂ ਇੰਝ ਲੱਗਦੀ ਸੀ ਜਿਵੇਂ "ਚੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰਾਬਰ ਬੋਲੀ"। ਇਹ ਵੀ ਕਹਿੰਦੀ ਸੀ ਕਿ ਇਹ ਲੋਕ, ਭਾੜੇ ਦੇ ਲੋਕ ਹੁੰਦੇ ਹਨ, ਤੇ ਸੌ ਸੌ ਰੁਪਏ ਲੈ ਕੇ ਧਰਨੇ ਤੇ ਬੈਠਦੇ ਹਨ। ਇਸ ਗੱਲ ਨੂੰ ਭਾਰਤੀ ਕਿਸਾਨ ਔਰਤ ਸੰਘ ਦੀ ਪ੍ਰਧਾਨ ਮਹਿੰਦਰ ਕੌਰ ਨੇ ਇਸ ਗੱਲ ਨੂੰ ਬਠਿੰਡਾ ਦੀ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਜਿਸ ਵਿੱਚ ਆ ਕੇ ਕੰਗਨਾ ਰਣੌਤ ਨੇ ਮੁਆਫੀ ਮੰਗੀ। ਉਸੇ ਦਿਨ ਬੀਬੀ ਮਹਿੰਦਰ ਕੌਰ ਦੇ ਨਜ਼ਦੀਕੀ ਨੂੰ ਹਸਪਤਾਲ ਤੋਂ ਛੁੱਟੀ ਮਿਲੀ ਸੀ ਜਿਸ ਦੇ ਉੱਤੇ ਕਰੀਬ 2 ਲੱਖ ਰੁਪਏ ਦਾ ਖਰਚਾ ਆਇਆ ਸੀ, ਮਹਿੰਦਰ ਕੌਰ ਜੀ ਨੇ ਇਹ ਸਪਸ਼ਟੀਕਰਨ ਦਿੱਤਾ ਕਿ ਅਸੀਂ ਸੌ ਸੌ ਰੁਪਏ ਵਾਸਤੇ ਸੰਘਰਸ਼ ਵਿੱਚ ਨਹੀਂ ਬੈਠੇ। ਉਸ ਦੀ ਆਪਣੀ ਤਬੀਅਤ ਵੀ ਠੀਕ ਨਹੀਂ ਸੀ ਇਸ ਕਰਕੇ ਉਹ ਅਦਾਲਤ ਵਿੱਚ ਨਹੀਂ ਆ ਸਕੀ ਸੀ। ਕੰਗਣਾ ਰਣੌਤ ਨੇ ਉਹਨਾਂ ਦੇ ਸਪੁੱਤਰ ਤੋਂ ਵਾਰ ਵਾਰ ਮਾਫੀ ਮੰਗੀ ਅਤੇ ਇਹ ਵੀ ਕਿਹਾ ਕਿ ਮੇਰਾ ਸੁਨੇਹਾ ਪੂਜਨੀਕ ਮਾਤਾ ਜੀ ਨੂੰ ਭੇਜ ਦਿੱਤਾ ਜਾਵੇ ਅਤੇ ਮੇਰੀ ਕੋਈ ਵੀ ਅਜਿਹੀ ਭਾਵਨਾ ਨਹੀਂ ਸੀ ਕਿ ਕਿਸੇ ਨੂੰ ਇਸ ਤਰ੍ਹਾਂ ਦੀ ਠੇਸ ਪਹੁੰਚਾਵਾਂ।

ਇਸ ਸਾਰੇ ਸੰਘਰਸ਼ ਤੋਂ ਪਹਿਲਾਂ ਜਦੋਂ ਕੰਗਣਾ ਰਣੌਤ ਦੀ ਗੁੱਡੀ ਚੜ੍ਹੀ ਤਾਂ ਜਿੱਥੇ ਵੀ ਉਹ ਜਾਂਦੀ, ਭਾਵੇਂ ਭਾਰਤ ਵਿੱਚ, ਭਾਵੇਂ ਵਿਦੇਸ਼ਾਂ ਵਿੱਚ, ਉਸਦੀ ਵਿਰੋਧਤਾ ਜਾਰੀ ਰਹਿੰਦੀ। ਉਸਦੀਆਂ ਕਈ ਫਿਲਮਾਂ ਫਲੋਪ ਹੋ ਗਈਆਂ। ਉਹ ਸੋਚਦੀ ਸੀ ਸ਼ਾਇਦ ਇਹ ਵਾਅ ਬਰੋਲਾ ਆਪੇ ਹਟ ਜਾਵੇਗਾ। ਅੰਤ ਨੂੰ ਕੋਰਟ ਦੀਆਂ ਪੇਸ਼ੀਆਂ ਨੇ, ਉਸ ਦੀਆਂ ਗੋਡਣੀਆਂ ਲਵਾ ਦਿੱਤੀਆਂ। ਪਹਿਲਾਂ ਤਾਂ ਪੇਸ਼ੀਆਂ ਤੇ ਆਉਣ ਤੋਂ ਵੀ ਕਤਰਾਉਂਦੀ ਸੀ, ਜਦੋਂ ਮਹਿੰਦਰ ਕੌਰ ਦੀ ਪੈਰਵੀ ਨੇ ਉਸ ਨੂੰ ਕਚਹਿਰੀ ਵਿੱਚ ਆਉਣ ਲਈ ਮਜਬੂਰ ਕਰ ਦਿੱਤਾ। ਪੇਸ਼ੀ ਤੇ ਆਉਣ ਤੇ ਵੀ ਕਿਸਾਨਾਂ ਦਾ ਘੇਰਾ ਪੈ ਜਾਂਦਾ। ਬੜੀ ਮੁਸ਼ਕਿਲ ਨਾਲ ਅਦਾਲਤ ਵਿੱਚ ਪੁਲਿਸ ਲੈ ਕੇ ਪਹੁੰਚਦੀ। ਉਸ ਦੀ ਸੋਚ ਅਜਿਹੀ ਬਣੀ ਹੋਈ ਸੀ, ਕਿ ਉਹ ਕਿਸਾਨਾਂ ਦੇ ਸੰਘਰਸ਼ ਨੂੰ ਆਵਾ ਹੀ ਊਤਿਆ ਹੋਇਆ ਸਮਝਦੀ ਸੀ। ਐਵੇਂ ਵਿਹਲੇ ਉੱਠ ਕੇ ਤੁਰੇ ਰਹਿੰਦੇ ਹਨ। ਅਸਲ ਵਿੱਚ, ਰਾਜ ਕਰਨ ਵਾਲੀਆਂ, ਪਾਰਟੀਆਂ ਦੀ ਕੂਟਨੀਤੀ, ਹੀ ਹੁੰਦੀ ਹੈ, ਕਿ ਗਰੀਬ ਨੂੰ, ਉਸ ਦਾ ਹੱਕ, ਉਦੋਂ ਤੱਕ ਨਹੀਂ ਮਿਲਦਾ, ਜਦੋਂ ਤੱਕ, ਉਹ ਬੂਰੇ ਦੇ ਬਾਰ, ਤੱਕ ਨਹੀਂ ਪਹੁੰਚਦਾ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ, ਬ੍ਰਿਸਬੇਨ ਆਸਟ੍ਰੇਲੀਆ।ਫੋਨ ਨੰਬਰ : 9878469639**

# ਬਾਬਾ ਬੰਦਾ ਸਿੰਘ ਬਹਾਦਰ ਰਕਬਾ ਭਵਨ ਲੁਧਿਆਣਾ

ਸਾਡਾ ਦੇਸ਼ ਭਾਰਤ ਗੁਰੂਆਂ, ਪੀਰਾਂ, ਸੰਤਾਂ, ਫ਼ਕੀਰਾਂ, ਯੋਧਿਆਂ, ਜਰਨੈਲਾਂ ਦੀ ਧਰਤੀ ਹੈ । ਜਿਨ੍ਹਾਂ ਨੇ ਇਸ ਧਰਤੀ ਤੇ ਸਮੇਂ-ਸਮੇਂ ਸਾਰੀ ਦੁਨੀਆਂ ਤੇ ਰਹਿ ਰਹੀ ਮਨੁੱਖਤਾ ਨੂੰ ਜ਼ਿੰਦਗੀ ਜਿਊਣ ਦਾ ਰਸਤਾ ਦਿਖਾਇਆ । ਇਸੇ ਲੜੀ ਵਿੱਚ ਮਹਾਨ ਯੋਧੇ ਜਰਨੈਲ, ਭਗਤੀ ਅਤੇ ਸ਼ਕਤੀ ਦੇ ਸੁਮੇਲ, ਕਿਸਾਨੀ ਦੇ ਮੁਕਤੀਦਾਤਾ ਅਤੇ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਸਨ । ਜਿਨ੍ਹਾਂ ਦਾ ਜਨਮ ਰਾਮਦੇਵ ਰਾਜਪੂਤ ਦੇ ਘਰ ਕੱਤਕ ਸੁਦੀ 13 ਸੰਮਤ 1727, ਸੰਨ 1670 ਈਸਵੀ ਨੂੰ ਹੋਇਆ । ਮਾਤਾ ਪਿਤਾ ਨੇ ਇਹਨਾਂ ਦਾ ਨਾਮ ਲਛਮਣ ਦੇਵ ਰੱਖਿਆ । ਲਛਮਣ ਦੇਵ ਨੂੰ ਸ਼ਸਤਰ ਵਿੱਦਿਆ ਅਤੇ ਸ਼ਿਕਾਰ ਦਾ ਵੱਡਾ ਸ਼ੌਂਕ ਸੀ । ਇੱਕ ਦਿਨ ਗਰਭਵਤੀ ਮ੍ਰਿਗੀ ਮਾਰਨ ਤੇ ਅਜਿਹਾ ਵੈਰਾਗ ਹੋਇਆ ਕਿ ਸ਼ਸਤਰ ਵਿੱਦਿਆ ਤਿਆਗ ਕੇ ਵੈਸ਼ਨਵ ਜਾਨਕੀਪ੍ਰਸਾਦ ਸਾਧੂ ਦਾ ਚੇਲਾ ਬਣ ਗਿਆ ਅਤੇ ਨਾਮ ਮਾਧੋ ਦਾਸ ਰਖਾਇਆ । ਘਰ ਬਾਰ ਤਿਆਗ ਕੇ ਸਿੱਧ ਪੁਰਖ਼ ਬਣ ਗਿਆ । ਦੇਸ਼ਾਂ ਦਾ ਰਟਨ ਕਰਦਾ ਜਦ ਇਹ ਦੱਖਣ ਵਿੱਚ ਗੋਦਾਵਰੀ ਦੇ ਕਿਨਾਰੇ ਪੁੱਜਾ ਤਾਂ ਇਸ ਨੂੰ ਇਹ ਅਸਥਾਨ ਬਹੁਤ ਪਸੰਦ ਆਇਆ ਅਤੇ ਆਪਣਾ ਆਸ਼ਰਮ ਬਣਾ ਕੇ ਰਹਿਣ ਲੱਗਾ । ਸੰਮਤ 1765, 3 ਸਤੰਬਰ 1708 ਈਸਵੀ ਨੂੰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਗੋਦਾਵਰੀ ਨਦੀ ਦੇ ਕੰਢੇ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ) ਵਿਖੇ ਮਾਧੋ ਦਾਸ ਬੈਰਾਗੀ ਦੇ ਰੂਪ ਵਿੱਚ ਮਿਲਾਪ ਹੋਇਆ । ਗੁਰੂ ਜੀ ਦੇ ਦਰਸ਼ਨ ਅਤੇ ਉਪਦੇਸ਼ ਦਾ ਇਸ ਤੇ ਅਜਿਹਾ ਅਸਰ ਹੋਇਆ ਕਿ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਸਤਿਗੁਰੂ ਦਾ ਬੰਦਾ ਕਹਿ ਕੇ ਸਿੱਖ ਬਣਿਆ। ਕਲਗੀਧਰ ਪਾਤਸ਼ਾਹ ਨੇ ਇਸ ਨੂੰ ਅੰਮ੍ਰਿਤ ਛਕਾ ਕੇ ਨਾਮ "ਗੁਰਬਖ਼ਸ਼ ਸਿੰਘ" ਰੱਖਿਆ ਪਰ ਪੰਥ ਵਿੱਚ ਪ੍ਰਸਿੱਧ ਨਾਮ "ਬੰਦਾ" ਹੀ ਰਿਹਾ । ਇਸ ਤਰ੍ਹਾਂ ਗੁਰੂ ਸਾਹਿਬ ਨਾਲ਼ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਅਲੌਕਿਕ ਮਿਲਾਪ ਤੋਂ ਬਾਅਦ ਭਗਤੀ ਤੇ ਸ਼ਕਤੀ ਦਾ ਰਸਤਾ ਦਸਮ ਪਿਤਾ ਦੇ ਥਾਪੜੇ ਨਾਲ ਅਖਤਿਆਰ ਕੀਤਾ । ਜਦੋਂ ਸਰਹਿੰਦ ਦੀ ਲ਼ਹੂ ਲੁਹਾਨ ਧਰਤੀ ਬਾਰੇ ਅਤੇ ਪੰਜਾਬ ਵਿੱਚ ਮੁਗਲਾਂ ਦੇ ਅੱਤਿਆਚਾਰ (ਜ਼ੁਲਮਾਂ) ਬਾਰੇ ਪਤਾ ਲੱਗਾ ਤਾਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਮੁਗਲ ਸਾਮਰਾਜ ਦੇ ਜ਼ੁਲਮ ਖ਼ਿਲਾਫ਼ ਤਲਵਾਰ (ਕ੍ਰਿਪਾਨ) ਉਠਾਈ ਅਤੇ ਦਸਮ ਪਿਤਾ ਵੱਲੋਂ ਦਿੱਤੇ ਥਾਪੜੇ (ਆਸ਼ੀਰਵਾਦ) ਨਾਲ ਪੰਜਾਬ ਵੱਲ ਚੱਲੇ । ਗੁਰੂ ਜੀ ਨੇ 5 ਤੀਰ, 5 ਸਿੰਘ (ਬਾਬਾ ਬਿਨੋਦ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ, ਰਾਮ ਸਿੰਘ), 20 ਸਾਥੀ, ਨਗਾਰਾ, ਨਿਸ਼ਾਨ ਸਾਹਿਬ ਦੇ ਕੇ ਜ਼ੁਲਮ ਨਾਲ ਟੱਕਰ ਲੈਣ ਲਈ ਤੋਰਿਆ ।

ਪੰਜਾਬ ਪੁੱਜ ਕੇ ਗੁਰਬਖਸ਼ ਸਿੰਘ ਨੇ ਗੁਰੂ ਸਾਹਿਬ ਦੇ ਹੁਕਮਾਂ ਦੀ ਤਾਮੀਲ ਕੀਤੀ । ਜਿਨ੍ਹਾਂ ਜਿਨ੍ਹਾਂ ਨੇ ਸਤਿਗੁਰੂ ਦੇ ਹੁਕਮਾਂ ਦੀ ਅਵੱਗਿਆ ਕੀਤੀ ਸੀ, ਉਹਨਾਂ ਨੂੰ ਭਾਰੀ ਸਜ਼ਾ ਦਿੱਤੀ ।ਬਾਬਾ ਬੰਦਾ ਸਿੰਘ ਬਹਾਦਰ ਨੇ ਨੌ ਮਹੀਨੇ ਸ੍ਰੀਖੰਡਾ ਡੇਰਾ ਬੈਰਾਗੀ ਨੇੜੇ ਸੋਨੀਪਤ ਵਿਖੇ ਰਹਿ ਕੇ ਆਪਣੀ ਆਮ ਲੋਕਾਂ ਦੀ ਫ਼ੌਜ ਤਿਆਰ ਕੀਤੀ । ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਮੁਗਲਾਂ ਦੇ ਅੱਤਿਆਚਾਰ ਦਾ ਸਾਹਮਣਾ ਕਰਦੇ ਹੋਏ 740 ਸਿੰਘਾਂ ਰੋਜ਼ਾਨਾ 100-100 ਸਿੰਘਾਂ (ਸਾਥੀਆਂ) ਦਾ ਕਤਲ ਕਰਨਾ, ਇੱਥੋਂ ਤੱਕ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਚਾਰ ਸਾਲਾਂ ਸਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਮੂੰਹ ਵਿੱਚ ਤੁੰਨਿਆ





। ਸੋਨੀਪਤ, ਪਾਨੀਪਤ, ਸਮਾਣਾ, ਸੰਢੋਰਾ ਜੰਗਾਂ ਲੜਦੇ ਹੋਏ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ 12 ਮਈ 1710 ਈਸਵੀ (੧ ਹਾੜ ਸੰਮਤ 1767) ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਕਰਕੇ ਜਿੱਤ ਪ੍ਰਾਪਤ ਕੀਤੀ । 14 ਮਈ ਨੂੰ ਸਰਹਿੰਦ ਦੀ ਧਰਤੀ ਤੇ ਫਤਿਹ ਦਾ ਝੰਡਾ ਲਹਿਰਾਇਆ, ਗੌਰਵਮਈ ਇਤਿਹਾਸ ਸਿਰਜਿਆ ਗਿਆ ਅਤੇ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਥਾਪਿਆ । ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਸਿਰਜਣ ਵਾਲੇ, ਮਹਾਨ ਯੋਧੇ ਜਰਨੈਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਸਿੱਕਾ ਅਤੇ ਮੋਹਰ ਜਾਰੀ ਕਰਨ ਵਾਲੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਨਾਮ ਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਅਤੇ ਸਮੂਹ ਟ੍ਰਸਟੀ ਵੱਲੋਂ " ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ (ਲੁਧਿਆਣਾ)" ਦਾ ਨਿਰਮਾਣ ਕਰਵਾਇਆ ਗਿਆ ਹੈ । ਬਾਬਾ ਬੰਦਾ ਸਿੰਘ ਜੀ ਦੇ ਨਾਂ ਤੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਹਾਲ ਬਣਿਆ ਹੋਇਆ ਹੈ। ਜਿਸ ਵਿੱਚ ਵਿਸ਼ੇਸ਼ ਸਮਾਗਮ ਹੁੰਦੇ ਹਨ । ਇਸ ਹਾਲ ਵਿੱਚ ਚਾਰੇ ਪਾਸੇ ਦੀਵਾਰਾਂ ਤੇ ਗੁਰਬਾਣੀ ਦੀਆਂ ਪੰਕਤੀਆਂ ਲਿਖੀਆਂ ਬੋਰਡ ਟੰਗੇ ਹੋਏ ਹਨ । ਭਵਨ ਵਿਖੇ "ਸ਼ਬਦ ਪ੍ਰਕਾਸ਼ ਅਜਾਇਬ ਘਰ" ਵੀ ਬਣਿਆ ਹੋਇਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਗੁਰੂ ਸਾਹਿਬਾਨਾਂ, ਭਗਤਾਂ ਅਤੇ ਭੱਟਾਂ ਦੇ ਚਿੱਤਰਾਂ ਅਤੇ ਜੀਵਨ ਸੰਬੰਧੀ ਇਤਿਹਾਸਕ ਮਿਊਜ਼ੀਅਮ ਦਾ ਨੀਂਹ-ਪੱਥਰ ਮਾਨਯੋਗ ਐਸ.ਪੀ. ਸਿੰਘ ਉਬਰਾਏ ਵਿਸ਼ਵ ਪ੍ਰਸਿੱਧ ਉਦਯੋਗਪਤੀ ਅਤੇ ਸਮਾਜ ਸੇਵੀ ਨੇ 12 ਮਈ 2014 ਈਸਵੀ ਨੂੰ "ਸਰਹਿੰਦ ਫਤਹਿ ਦਿਵਸ" ਦੇ ਪਵਿੱਤਰ ਦਿਹਾੜੇ 'ਤੇ ਆਪਣੇ ਕਰ-ਕਮਲਾਂ ਨਾਲ ਰੱਖਿਆ । ਇਸ ਅਜਾਇਬ ਘਰ ਦੇ ਆਰੰਭ ਵਿੱਚ ਸੰਖੇਪ 'ਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ, 6 ਗੁਰੂ ਸਾਹਿਬਾਨ, 15 ਭਗਤਾਂ, 4 ਗੁਰਸਿੱਖਾਂ, 11 ਭੱਟਾਂ (ਇੱਕ ਚਿੱਤਰ ਇਕੱਠਾ) ਦੇ ਚਿੱਤਰ ਹਨ । ਇਹਨਾਂ ਚਿੱਤਰਾਂ ਦੇ ਨਾਲ ਸੰਖੇਪ ਵਿੱਚ ਜੀਵਨ ਬਿਓਰਾ ਵੀ ਅੰਕਿਤ ਹੈ । ਸ਼ਬਦ ਪ੍ਰਕਾਸ਼ ਅਜਾਇਬ ਘਰ ਵਿਚਲੇ ਸਾਰੇ ਚਿੱਤਰ ਆਰ.ਐਮ. ਸਿੰਘ ਦੁਆਰਾ ਤਿਆਰ ਕੀਤੇ ਗਏ ਹਨ ।

ਭਵਨ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਨੂੰ ਸਮਰਪਿਤ ਸਨੀ ਉਬਰਾਏ ਲੈਬ ਐਂਡ ਡਾਇਗਨੋਸਟਿਕ ਸੈਂਟਰ ਵੀ ਚੱਲ ਰਿਹਾ ਹੈ । ਇਸ ਦੇ ਸੰਚਾਲਕ ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ ਰਜਿ: ਅਤੇ ਸਹਿਯੋਗ, ਪ੍ਰਬੰਧਕ ਕਮੇਟੀ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟ੍ਰਸਟ (ਰਜਿ:) ਰਕਬਾ ਲੁਧਿਆਣਾ ਦਾ ਹੈ ।ਇਸ ਲੈਬੋਰੇਟਰੀ ਵਿੱਚ ਬਹੁਤ ਹੀ ਘੱਟ ਰੇਟਾਂ ਤੇ ਟੈਸਟ ਕੀਤੇ ਜਾਂਦੇ ਹਨ । ਲੈਬੋਰੇਟਰੀ ਦੇ ਖੁੱਲ੍ਹਣ ਦਾ ਸਮਾਂ ਗਰਮੀਆਂ ਵਿੱਚ ਸਵੇਰੇ 7 ਵਜੇ ਤੋਂ ਸ਼ਾਮ 4.30 ਵਜੇ ਤੱਕ ਅਤੇ ਸਰਦੀਆਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 4.30 ਵਜੇ ਤੱਕ ਦਾ ਹੈ । ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ 98725-30020, ਸ੍ਰ: ਕਰਨੈਲ ਸਿੰਘ ਗਿੱਲ ਪ੍ਰਧਾਨ 98157-32207, ਅਤੇ ਸ੍ਰ: ਜਸਵੰਤ ਸਿੰਘ ਛਾਪਾ ਪ੍ਰਧਾਨ (ਲੁਧਿਆਣਾ ਇਕਾਈ) 94655-15555 ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗ.ਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ ਲੁਧਿਆਣਾ ।**

# ਮਾਲਵਾ ਲਿਖਾਰੀ ਸਭਾ ਸੰਗਰੂਰ ਦਾ ਸਾਲਾਨਾ ਸਮਾਗਮ 2 ਨਵੰਬਰ ਨੂੰ

## ਸ਼ੌਂਕੀ, ਬਾਲੀਆਂ, ਨੂਰਮੀਤ, ਝੱਮਟ ਅਤੇ ਹੋਸ਼ੀ ਨੂੰ ਦਿੱਤੇ ਜਾਣਗੇ ਪੁਰਸਕਾਰ







**ਸੰਗਰੂਰ, (ਬਲਬੀਰ ਸਿੰਘ ਬੱਬੀ** ) ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਸਾਲਾਨਾ ਸਮਾਗਮ 2 ਨਵੰਬਰ ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਹੋ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਇਸ ਵਿਸ਼ਾਲ ਸਮਾਗਮ ਦੀ ਪ੍ਰਧਾਨਗੀ ਸ੍ਰੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ ਕਰਨਗੇ ਅਤੇ ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਡਾ. ਮੀਤ ਖਟੜਾ, ਡਾ. ਭਗਵੰਤ ਸਿੰਘ, ਸ੍ਰੀ ਜਸਵੀਰ ਰਾਣਾ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਪ੍ਰਿੰ. ਇਕਬਾਲ ਕੌਰ ਉਦਾਸੀ ਸ਼ਾਮਲ ਹੋਣਗੇ। ਉੱਘੇ ਸਾਹਿਤਕਾਰ ਸ੍ਰੀ ਸੁਰਿੰਦਰ ਸਿੰਘ ਸੁੰਨੜ ਮੁੱਖ ਸੰਪਾਦਕ ਸਾਹਿਤਕ ਮੈਗਜ਼ੀਨ 'ਆਪਣੀ ਆਵਾਜ਼' ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਮੌਕੇ ਸਭਾ ਵੱਲੋਂ ਹਰ ਸਾਲ ਦਿੱਤਾ ਜਾਣ ਵਾਲਾ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਗੁਲਜ਼ਾਰ ਸਿੰਘ ਸ਼ੌਂਕੀ ਨੂੰ, ਗੁਰਮੇਲ ਮਡਾਹੜ ਗਲਪ ਪੁਰਸਕਾਰ ਸੁਖਵਿੰਦਰ ਸਿੰਘ ਬਾਲੀਆਂ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ ਜੋਗਿੰਦਰ ਨੂਰਮੀਤ ਨੂੰ, ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਪ੍ਰਸਿੱਧ ਕਵੀ ਲਾਭ ਸਿੰਘ ਝੱਮਟ ਨੂੰ ਅਤੇ ਮੇਘ ਗੋਇਲ ਨਵ-ਪ੍ਰਤਿਭਾ ਪੁਰਸਕਾਰ ਪਵਨ ਕੁਮਾਰ ਹੋਸ਼ੀ ਨੂੰ ਦਿੱਤਾ ਜਾਵੇਗਾ। ਸ੍ਰੀ ਅਮਰ ਗਰਗ ਕਲਮਦਾਨ ਦੀ ਪੁਸਤਕ 'ਸੁਲੋਚਨਾ' ਉੱਪਰ ਗੋਸ਼ਟੀ ਵੀ ਕਰਵਾਈ ਜਾਵੇਗੀ, ਜਿਸ ਵਿੱਚ ਪੁਸਤਕ ਸਬੰਧੀ ਪਰਚਾ ਡਾ. ਮਨੀਸ਼ਾ ਰਾਣੀ ਪੜ੍ਹਨਗੇ ਅਤੇ ਮੁੱਖ ਭਾਸ਼ਣ ਸ੍ਰੀ ਜਸਵੀਰ ਰਾਣਾ ਦਾ ਹੋਵੇਗਾ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਲੋਟੇ ਵੱਲੋਂ ਸੰਪਾਦਿਤ ਸਭਾ ਦਾ ਸਾਂਝਾ ਕਾਵਿ-ਸੰਗ੍ਰਹਿ 'ਕਲਮੀ ਹੀਰੇ' ਵੀ ਲੋਕ ਅਰਪਣ ਕੀਤਾ ਜਾਵੇਗਾ ਅਤੇ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।

# ਯਾਦਾਂ ਦੇ ਝਰੋਖੇ ਵਿੱਚੋਂ : ਅੱਜ ਸਾਡੇ ਵਿਆਹ ਨੂੰ 27 ਸਾਲ ਹੋਏ

27 ਸਾਲ ਪਹਿਲਾਂ ਜਦੋਂ ਨਿਊਜ਼ੀਲੈਂਡ ਵਿੱਚ ਮੇਰਾ ਵਿਆਹ ਮਨਜੀਤ ਕੌਰ ਨਾਲ ਹੋਇਆ ਤਾਂ ਅਸੀਂ ਦੋਵੇਂ ਓਵਰਸਟੇ ਸੀ । ਵਿਚੋਲਾ ਜਸਵੀਰ ਸਿੰਘ ਝਨੇਰ ਮੇਰਾ ਦੋਸਤ ਹੈ ਜਿਸ ਨੇ ਰਿਸ਼ਤਾ ਕਰਵਾਇਆ ਸੀ ।

ਵਿਆਹ ਤੋਂ ਪਹਿਲਾਂ ਜਦੋਂ ਸਾਡਾ ਦੇਖ ਦਿਖਾਲਾ ਹੋਇਆ ਤਾਂ ਮਨਜੀਤ ਨਾਲ ਮੈਂ ਆਉਣ ਵਾਲੇ ਔਖੇ ਸਮੇਂ ਬਾਰੇ ਜਾਣਕਾਰੀ ਸਾਂਝੀ ਕਰ ਦਿੱਤੀ ਸੀ ਲ ਦੱਸ ਦਿੱਤਾ ਸੀ ਕਿ ਆਪਾਂ ਦੋਵੇਂ ਓਵਰਸਟੇ ਹਾਂ ਅਤੇ ਸਾਨੂੰ ਦੋਨਾਂ ਨੂੰ ਜਾਂ ਦੋਨਾਂ ਵਿੱਚੋਂ ਇੱਕ ਨੂੰ ਇਮੀਗ੍ਰੇਸ਼ਨ ਕਦੇ ਵੀ ਦੇਸ਼ ਨਿਕਾਲਾ (ਡਿਪੋਰਟ/ ਮੁਲਕ ਵਿੱਚੋਂ ਕੱਢਣਾ) ਦੇ ਸਕਦੀ ਹੈ ।ਮਨਜੀਤ ਨੂੰ ਦੱਸਿਆ ਕਿ ਅਸੀਂ ਪੰਜਾਬ ਜਾ ਕੇ ਵੀ ਠੀਕ ਠਾਕ ਰਹਿ ਸਕਦੇ ਹਾਂ ਅਤੇ ਮੈਂ ਕੋਈ ਵੀ ਕੰਮ ਕਰ ਸਕਦਾ ਹਾਂ ਲ ਨਿਊਜ਼ੀਲੈਂਡ ਰਹਿੰਦਿਆਂ ਮੈਂ ਕਈ ਕੰਮ ਸਿੱਖ ਲਏ ਸਨ ।

ਇਸ ਸਭ ਤੋਂ ਬਾਦ ਸਾਡਾ ਵਿਆਹ ਹੋਇਆ ਅਤੇ ਤਕਰੀਬਨ 600 ਦੇ ਕਰੀਬ ਮਹਿਮਾਨ ਵਿਆਹ ਵਿੱਚ ਸ਼ਾਮਿਲ ਹੋਏ ਲ ਕਿਸੇ ਓਵਰਸਟੇ ਦੇ ਵਿਆਹ ਤੇ ਨਿਊਜ਼ੀਲੈਂਡ ਵਿੱਚ ਏਨਾ ਵੱਡਾ ਇਕੱਠ ਹੋਣਾ ਆਪਣੇ ਆਪ ਵਿੱਚ ਰਿਕਾਰਡ ਸੀ ।

ਵਿਆਹ ਦੀ ਪਾਰਟੀ ਤੇ ਦੋਸਤ ਰਣਜੀਤ ਰਾਣਾ ਅਤੇ ਵਰਿੰਦਰ ਸਿੰਘ ਬਰੇਲੀ ਜੀ (ਕਬੱਡੀ ਖਿਡਾਰੀ) ਤੇ ਸਾਥੀਆਂ ਨੇ ਅਖਾੜਾ ਲਾਇਆ । ਪਾਰਟੀ ਸ਼ਾਮ 5 ਵਜੇ ਸ਼ੁਰੂ ਹੋਈ ਅਤੇ 8 ਘੰਟੇ ਲਗਾਤਾਰ ਚੱਲੀ ਲ ਇਸ ਤਰਾਂ ਦੀ ਪਾਰਟੀ ਵੀ ਨਿਊਜ਼ੀਲੈਂਡ ਵਿੱਚ ਉਨ੍ਹਾਂ ਦਿਨਾਂ ਵਿੱਚ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲੀ ਸੀ । ਬਚਪਨ ਤੋਂ ਲੈ ਕੇ ਇਹ ਮੇਰੀ ਜ਼ਿੰਦਗੀ ਦਾ ਪਹਿਲਾ ਖੁਸ਼ੀ ਦਾ ਮੌਕਾ ਸੀ ।

ਦੋਸਤਾਂ ਕੋਲੋਂ ਏਨੇ ਤੋਹਫ਼ੇ ਆਏ ਕਿ ਸਾਡੇ ਦੋ ਬੈੱਡਰੂਮ ਵਾਲੇ ਕਿਰਾਏ ਦੇ ਘਰ ਵਿੱਚ ਅੱਧੇ ਹੀ ਫਿੱਟ ਹੋ ਸਕੇ ਅਤੇ ਅੱਧੇ ਤੋਹਫ਼ੇ ਰਿਸ਼ਤੇਦਾਰਾਂ ਦੇ ਘਰ ਹੀ ਰੱਖਣੇ ਪਏ ।

ਅਜੇ ਸਾਲ ਹੀ ਬੀਤਿਆ ਸੀ ਜਦੋਂ ਮੈਨੂੰ ਮੁਲਕ ਵਿੱਚੋਂ ਡਿਪੋਰਟ ਕਰ ਦਿੱਤਾ ਗਿਆ ਲ ਪਹਿਲਾਂ ਹੀ ਪੈਕ ਕੀਤਾ ਅਟੈਚੀ ਮਨਜੀਤ ਨੇ ਮੈਨੂੰ



ਏਅਰਪੋਰਟ ਤੇ ਫੜਾ ਦਿੱਤਾ ਲ ਮੇਰੇ ਤੇ ਪੰਜ ਸਾਲ ਦਾ ਨਿਊਜ਼ੀਲੈਂਡ ਵਿੱਚ ਆਉਣ ਤੇ ਬੈਨ ਲਗਾ ਦਿੱਤਾ ਗਿਆ । ਮੇਰੇ ਡਿਪੋਰਟ ਹੋਣ ਤੋਂ ਬਾਦ ਮਨਜੀਤ ਕੌਰ ਸਾਡੇ ਵਿਚੋਲਿਆਂ ਦੇ ਪਰਿਵਾਰ ਨਾਲ ਹੀ ਰਹੀ ਜਿਨ੍ਹਾਂ ਨਾਲ ਸਾਡਾ ਅੱਜ ਵੀ ਬਹੁਤ ਪਿਆਰ ਹੈ।

ਦਸ ਸਾਲ ਬਾਦ ਪੰਜਾਬ ਪਹੁੰਚਾ ਤਾਂ ਪਿੰਡ ਵਿੱਚ ਕੁੱਝ ਲੋਕ ਹੀ ਪਹਿਚਾਣਦੇ ਸਨ । ਨਿਊਜ਼ੀਲੈਂਡ ਜਾਣ ਵਾਸਤੇ ਦੁਬਾਰਾ ਕੋਸ਼ਿਸ਼ ਕੀਤੀ ਤਾਂ ਚਾਰ ਮਹੀਨੇ ਬਾਦ ਹੀ ਨਿਊਜ਼ੀਲੈਂਡ ਇਮੀਗ੍ਰੇਸ਼ਨ ਮਨਿਸਟਰ ਨੇ ਮੇਰਾ ਪੰਜ ਸਾਲਾ ਬੈਨ ਖਤਮ ਕਰਕੇ ਮੈਨੂੰ ਨਿਊਜ਼ੀਲੈਂਡ ਜਾਣ ਲਈ ਵਰਕ ਪਰਮਿਟ ਦੇ ਦਿੱਤਾ ਲ ਨਿਊਜ਼ੀਲੈਂਡ ਦੀ ਜਿਸ ਕੰਪਨੀ ਵਿੱਚ ਮੈਂ ਮੈਨੇਜਰ ਸੀ ਉਸ ਕੰਪਨੀ ਨੇ ਮੈਨੂੰ ਸੱਦਣ ਵਿੱਚ ਅਹਿਮ ਯੋਗਦਾਨ ਪਾਇਆ ਸੀ।

ਡਿਪੋਰਟ ਹੋਣ ਤੋਂ ਸਿਰਫ ਚਾਰ ਮਹੀਨੇ ਬਾਦ ਵਾਪਸ ਨਿਊਜ਼ੀਲੈਂਡ ਪਹੁੰਚਣ ਵਾਲਾ ਮੈਂ ਪਹਿਲਾ ਵਿਅਕਤੀ ਬਣਿਆ । ਉਸ ਤੋਂ ਬਾਦ ਵੀ ਅਜੇ ਤੱਕ ਇਸ ਤਰਾਂ ਦਾ ਕੋਈ ਕੇਸ ਨਹੀਂ ਹੋਇਆ ਕਿ ਵਿਅਕਤੀ ਡਿਪੋਰਟ ਹੋਣ ਤੋਂ ਚਾਰ ਮਹੀਨੇ ਬਾਦ ਵਾਪਿਸ ਆ ਗਿਆ ਹੋਵੇ । ਇਹ ਕੇਸ ਬਿਨਾਂ ਵਕੀਲ ਤੋਂ ਲੜਿਆ ਗਿਆ ਸੀ ।

ਇਹ ਮੇਰੇ ਲਈ ਮਾਣ ਵਾਲੀ ਗੱਲ ਵੀ ਹੈ ਅਤੇ ਪਾਠਕਾਂ ਵਾਸਤੇ ਇਹ ਵੀ ਜਾਨਣ ਵਾਲੀ ਗੱਲ ਹੈ ਕਿ ਵਿਅਕਤੀ ਨੂੰ ਉਹ ਕੰਮ ਵੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕਿਸੇ ਤੋਂ ਪਹਿਲਾਂ ਨਾ ਹੋਏ ਹੋਣ ਲ ਕਈ ਵਾਰ ਉਸ ਕੰਮ ਨੂੰ ਕਰਨ ਵਾਲੇ ਤੁਸੀਂ ਪਹਿਲੇ ਵਿਅਕਤੀ ਵੀ ਬਣ ਜਾਂਦੇ ਹੋ । ਦੁਬਾਰਾ ਨਿਊਜ਼ੀਲੈਂਡ ਵਿੱਚ ਕੀਵੀਫਰੂਟ ਕੰਪਨੀ ਵਿੱਚ ਮੈਨੇਜਰ ਦੀ ਨੌਕਰੀ ਸ਼ੁਰੂ ਕੀਤੀ ਲ ਸੰਨ 2001 ਵਿੱਚ ਅਸੀਂ ਦੋਵੇਂ ਪੱਕੇ ਹੋ ਗਏ ।

ਸੰਨ 2005 ਵਿੱਚ ਕੀਵੀਫਰੂਟ ਕੰਪਨੀ ਨੇ ਮੇਰੀ ਨੌਕਰੀ ਖਤਮ ਕਰ ਦਿੱਤੀ ਜਿਸ ਨਾਲ ਦੁਬਾਰਾ ਸਾਨੂੰ ਕੁੱਝ ਆਰਥਿਕ ਤੰਗੀ ਆਈ ।

ਇੱਕ ਮਹੀਨੇ ਬਾਦ ਹੀ ਮੈਂ ਆਪਣੀ ਕੀਵੀਫਰੂਟ ਕੰਪਨੀ ਸ਼ੁਰੂ ਕੀਤੀ ਜੋ ਕਾਮਯਾਬੀ ਨਾਲ ਚੱਲੀ । ਇਸ ਦੇ ਨਾਲ ਆਪਣੀਆਂ ਚਾਰ ਹੋਰ ਕੰਪਨੀਆਂ ਦੀ ਸ਼ੁਰੂਆਤ ਕੀਤੀ ਜੋ ਵੱਖ ਵੱਖ ਖੇਤਰ ਵਿੱਚ ਸਰਵਿਸ ਪਰਵਾਈਡ ਕਰਦੀਆਂ ਸਨ ।

ਸਾਡੇ ਤਿੰਨ ਬੇਟੇ ਨਵਦੀਪ ਸਿੰਘ, ਲਵਦੀਪ ਸਿੰਘ ਅਤੇ ਸੀਰਤਦੀਪ ਸਿੰਘ ਹਨ।

ਅਜੇ ਤੱਕ ਸਾਡੇ ਪਰਿਵਾਰ ਵਿੱਚ ਕੋਈ ਵੀ ਨਸ਼ਾ ਨਹੀਂ ਕਰਦਾ ਹੈ ਭਾਵੇਂ ਕਿ ਸਾਨੂੰ ਤੋਹਫੇ ਵੀ ਗੋਰਿਆਂ ਵਲੋਂ ਸ਼ਰਾਬ ਦੇ ਹੀ ਮਿਲਦੇ ਹਨ ।ਜ਼ਿੰਦਗੀ ਦੇ ਇਸ ਉਤਰਾਅ ਝੜਾਅ ਵਿੱਚ ਸਾਡੀ ਆਪਸ ਵਿੱਚ ਕਦੇ ਵੀ ਲੜਾਈ ਨਹੀਂ ਹੋਈ।

ਅੱਜ ਵਿਆਹ ਦੇ 27 ਸਾਲ ਹੋਣ ਤੇ ਮਨਜੀਤ ਕੌਰ ਨੂੰ ਬਹੁਤ ਬਹੁਤ ਮੁਬਾਰਕਾਂ ਦਿੰਦਾ ਹਾਂ ।

**-ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਪਾਣੀ ਦੀ ਘਾਟ ਵਾਲੀ ਦੁਨੀਆ ਵਿੱਚ ਇਸਦੀ ਮਹੱਤਤਾ ਨੂੰ ਸਮਝਣਾ

"ਖਾਣਾ ਬਰਬਾਦ ਨਾ ਕਰੋ" ਦੇ ਵਾਕ ਨੂੰ "ਜਦੋਂ ਅਸੀਂ ਖਾਣਾ ਬਰਬਾਦ ਕਰਦੇ ਹਾਂ ਤਾਂ ਪਾਣੀ ਬਰਬਾਦ ਹੁੰਦਾ ਹੈ" ਦੇ ਤੌਰ 'ਤੇ ਦੁਬਾਰਾ ਸਮਝਿਆ ਜਾ ਸਕਦਾ ਹੈ। ਇਹ ਸਧਾਰਣ ਪਰੰਤੂ ਗਹਿਰਾਈ ਵਾਲਾ ਬਿਆਨ ਇੱਕ ਮਹੱਤਵਪੂਰਨ ਸੰਬੰਧ ਨੂੰ ਉਜਾਗਰ ਕਰਦਾ ਹੈ: ਖਾਣੇ ਦੀ ਉਤਪਾਦਨ ਵਿੱਚ ਇੱਕ ਵੱਡੀ ਮਾਤਰਾ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਅਤੇ ਉਸ ਖਾਣੇ ਨੂੰ ਬਰਬਾਦ ਕਰਨ ਨਾਲ ਅਸਿੱਧੇ ਤੌਰ 'ਤੇ ਪਾਣੀ ਦੀ ਬਰਬਾਦੀ ਹੁੰਦੀ ਹੈ। ਇਸ ਨਾਲ ਅਸੀਂ ਵਰਚੁਅਲ ਪਾਣੀ ਦੇ ਸਿਧਾਂਤ 'ਤੇ ਆਉਂਦੇ ਹਾਂ।

**ਵਰਚੁਅਲ ਪਾਣੀ ਕੀ ਹੈ?**

ਵਰਚੁਅਲ ਪਾਣੀ ਦੇ ਸਿਧਾਂਤ ਵਿੱਚ ਲੋਕਾਂ ਦੁਆਰਾ ਪਾਣੀ ਦੀ ਅਸਿੱਧੇ ਵਰਤੋਂ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਖਾਸ ਤੌਰ 'ਤੇ ਉਹ ਪਾਣੀ ਜੋ ਖਾਣੇ ਅਤੇ ਸਮਾਨਾਂ ਦੇ ਉਤਪਾਦਨ ਵਿੱਚ ਵਰਤਿਆ ਜਾਂਦਾ ਹੈ, ਜਿਸ ਵਿੱਚ ਮਨੁੱਖਾਂ ਦੁਆਰਾ ਵਰਤੀਆਂ ਸੇਵਾਵਾਂ ਵੀ ਸ਼ਾਮਲ ਹਨ। ਇੱਕ ਆਮ ਵਿਅਕਤੀ ਦਿਨ ਵਿੱਚ ਪੀਣ ਲਈ ਲਗਭਗ 2 ਲੀਟਰ ਪਾਣੀ ਦਾ ਉਪਯੋਗ ਕਰਦਾ ਹੈ, ਇਹ ਅੰਕੜਾ ਸਿਰਫ ਸਿੱਧੀ ਵਰਤੋਂ ਨੂੰ ਦਰਸਾਉਂਦਾ ਹੈ। ਇੱਕ ਵੱਡੇ ਦ੍ਰਿਸ਼ਟੀਕੋਣ ਵਿੱਚ ਖਾਣੇ ਦੀ ਉਤਪਾਦਨ ਵਿੱਚ ਵਰਤਿਆ ਗਿਆ ਪਾਣੀ ਵਿਸ਼ਵ ਭਰ ਵਿੱਚ ਸਰੋਤਾਂ ਦੀ ਉਪਲਬਧਤਾ ਅਤੇ ਤਕਨੀਕੀ ਤਰੀਕਿਆਂ ਦੇ ਅਨੁਸਾਰ ਵੱਖ-ਵੱਖ ਹੁੰਦਾ ਹੈ।

ਵਿਗਿਆਨ ਅਤੇ ਤਕਨੀਕ ਨਾਲ ਦੁਨੀਆਂ ਬੇਸ਼ੱਕ ਵਿਕਸਿਤ ਹੋ ਗਈ ਹੈ ਪਰ ਇਸ ਦੇ ਨਾਲ ਨਾਲ ਵੱਧ ਰਹੀ ਪਾਣੀ ਦੀ ਘਾਟ ਵਰਗੀ ਸਮੱਸਿਆਵਾਂ ਨਾਲ ਜੂਝ ਰਹੀ ਹੈ ਜੋ ਕਿ ਆਬਾਦੀ ਵਾਧੇ ਅਤੇ ਆਬੋ-ਹਵਾ ਦੇ ਬਦਲਾਅ ਨਾਲ ਵਧਦੀ ਜਾ ਰਹੀ ਹੈ।ਉਪਰੋਕਤ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਵਰਚੁਅਲ ਪਾਣੀ ਦਾ ਸਿਧਾਂਤ ਅਤੀ ਮਹੱਤਵਪੂਰਨ ਹੋ ਗਿਆ ਹੈ। ਇਹ 1990 ਦੇ ਦਹਾਕੇ ਵਿੱਚ ਲੰਡਨ ਦੇ ਕਿੰਗਜ਼ ਕਾਲਜ ਦੇ ਪ੍ਰੋਫੈਸਰ ਟੋਨੀ ਐਲਨ ਦੁਆਰਾ ਜਾਣੂ ਕਰਵਾਇਆ ਗਿਆ ਸੀ ਅਤੇ ਇਹ ਗਲੋਬਲ ਪਾਣੀ ਦੀ ਵਰਤੋਂ ਨੂੰ ਸਮਝਣ ਲਈ ਇੱਕ ਮਹੱਤਵਪੂਰਕ ਢਾਂਚਾ ਪ੍ਰਦਾਨ ਕਰਦਾ ਹੈ ਅਤੇ ਇਸ ਮਹੱਤਵਪੂਰਨ ਸਰੋਤ ਦੀ ਸੁਰੱਖਿਆ ਦੀ ਲੋੜ ਨੂੰ ਉਜਾਗਰ ਕਰਦਾ ਹੈ।

**ਵਰਚੁਅਲ ਪਾਣੀ ਦੀ ਮਹੱਤਤਾ**

ਵਰਚੁਅਲ ਪਾਣੀ ਦਾ ਸਿਧਾਂਤ ਸਾਡੇ ਪਾਣੀ ਦੀ ਵਰਤੋਂ ਦੇ ਧਾਰਨਾ ਨੂੰ ਬਦਲਦਾ ਹੈ, ਖਾਸ ਤੌਰ 'ਤੇ ਕਿਸਾਨੀ ਅਤੇ ਵਪਾਰ ਦੇ ਸੰਦਰਭ ਵਿੱਚ। ਇਹ ਖਾਣੇ ਅਤੇ ਉਤਪਾਦਾਂ ਦੇ ਆਯਾਤ ਅਤੇ ਨਿਰਯਾਤ ਵਿੱਚ ਸ਼ਾਮਲ ਪਾਣੀ ਦੇ ਛੁਪੇ ਹੋਏ ਪ੍ਰਵਾਹ ਨੂੰ ਰੋਸ਼ਨ ਕਰਦਾ ਹੈ। ਮੂਲ ਰੂਪ ਵਿੱਚ ਇਹ ਉਤਪਾਦਨ ਪ੍ਰਕਿਰਿਆ ਵਿੱਚ ਵਰਤੇ ਗਏ ਕੁੱਲ ਪਾਣੀ ਦੀ ਮਾਤਰਾ ਨੂੰ ਸ਼ਾਮਲ ਕਰਦਾ ਹੈ ਜਿਸ ਵਿੱਚ ਸਪਲਾਈ ਚੇਨ ਦੇ ਦੌਰਾਨ ਸਿੱਧੀ ਅਤੇ ਅਸਿੱਧੀ ਦੋਹਾਂ ਵਰਤੋਂ ਸ਼ਾਮਲ ਹੁੰਦੀ ਹੈ।

ਪ੍ਰੋਫੈਸਰ ਐਲਨ ਦਾ ਪਹਿਲਾ ਅਧਿਐਨ ਵੱਖ-ਵੱਖ ਖੇਤਰਾਂ ਵਿੱਚ ਪਾਣੀ ਦੀ ਉਪਲਬਧਤਾ ਵਿੱਚ ਅਸਮਾਨਤਾ ਨੂੰ ਰੋਸ਼ਨ ਕਰਦਾ ਹੈ ਅਤੇ ਇਹ ਕਿ ਵਪਾਰ ਇਨ੍ਹਾਂ ਅਸਮਾਨਤਾਵਾਂ ਨੂੰ ਕਿਵੇਂ ਘਟਾ ਜਾਂ ਵਧਾ ਸਕਦਾ ਹੈ। ਸਮਾਨ ਬਣਾਉਣ ਵਿੱਚ ਲੱਗੇ ਪਾਣੀ ਦੀ ਮਾਤਰਾ ਨੂੰ ਮਾਪ ਕੇ ਨੀਤੀ ਘਾੜੇ ਅਤੇ ਕਾਰੋਬਾਰਾਂ ਨੂੰ ਲਾਹੇਵੰਦ ਬਣਾਉਣ ਲਈ ਕੀਮਤੀ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ ਜੋ ਆਪਣੇ ਪਾਣੀ ਦੇ ਨਿਸ਼ਾਨਾਂ ਦਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

"ਵਰਚੁਅਲ ਪਾਣੀ ਇੱਕ ਸ਼ਕਤੀਸ਼ਾਲੀ ਸੰਕਲਪ ਹੈ ਕਿਉਂਕਿ ਇਹ ਸਾਨੂੰ ਪਾਣੀ ਬਾਰੇ ਹੋਰ ਸਮੂਹਿਕ ਤਰੀਕੇ ਨਾਲ ਸੋਚਣ ਲਈ ਪ੍ਰੇਰਿਤ ਕਰਦਾ ਹੈ," ਪ੍ਰੋਫੈਸਰ ਐਲਨ ਕਹਿੰਦੇ ਹਨ। "ਇਹ ਸਾਨੂੰ ਚੁਣੌਤੀ ਦਿੰਦਾ ਹੈ ਕਿ ਨਾ ਸਿਰਫ ਅਸੀਂ ਸਿੱਧਾ ਕਿੰਨਾ ਪਾਣੀ ਵਰਤਦੇ ਹਾਂ, ਸਗੋਂ ਸਾਡੇ ਖਪਤ ਦੇ ਰੁਝਾਨਾਂ ਦਾ ਗਲੋਬਲ ਪਾਣੀ ਸਰੋਤਾਂ 'ਤੇ ਕਿਵੇਂ ਪ੍ਰਭਾਵ ਪੈਂਦਾ ਹੈ।"

ਗਲੋਬਲ ਵਪਾਰ ਲਈ ਨਤੀਜੇ

ਵਰਚੁਅਲ ਪਾਣੀ ਦੇ ਨਤੀਜੇ ਸਿਰਫ ਅਕਾਦਮਿਕ ਚਰਚਾਵਾਂ ਤੱਕ ਹੀ ਸੀਮਿਤ ਨਹੀਂ ਹਨ। ਉਹ ਦੇਸ਼ ਜੋ ਤਾਜ਼ੇ ਪਾਣੀ ਦੇ ਸਰੋਤਾਂ ਵਿੱਚ ਧਨਾਢ ਹਨ ਉਹ ਪਾਣੀ-ਗਹਿਰਾਈ ਵਾਲੇ ਉਤਪਾਦਾਂ ਦਾ ਨਿਰਯਾਤ ਕਰ ਸਕਦੇ ਹਨ, ਜਦੋਂ ਕਿ ਉਹ ਜੋ ਘਾਟ ਨਾਲ ਜੂਝ ਰਹੇ ਹਨ, ਉਹ ਇਹ ਸਮਾਨ ਆਯਾਤ ਕਰ ਸਕਦੇ ਹਨ। ਇਹ ਵਪਾਰਿਕ ਵਿਵਸਥਾ ਵਿਸ਼ਵ ਭਰ ਵਿੱਚ ਸਰੋਤਾਂ ਦੇ ਕੁਸ਼ਲ ਵੰਡ ਨੂੰ ਲੈ ਕੇ ਆ ਸਕਦੀ ਹੈ ਪਰ ਇਸ ਨਾਲ ਪਾਣੀ ਦੀ ਸਮਾਨਤਾ ਅਤੇ ਟਿਕ-ਾਉਤਾ ਦੇ ਬਾਰੇ ਨੈਤਿਕ ਪ੍ਰਸ਼ਨਾਂ ਨੂੰ ਵੀ ਜਨਮ ਦਿੰਦੀ ਹੈ।

ਉਦਾਹਰਨ ਲਈ, ਬ੍ਰਾਜ਼ਿਲ ਅਤੇ ਸੰਯੁਕਤ ਰਾਜ, ਜੋ ਤਾਜ਼ੇ ਪਾਣੀ ਦੇ ਸਰੋਤਾਂ ਵਿੱਚ ਧਨੀ ਹਨ, ਆਮ ਤੌਰ 'ਤੇ ਸੋਯਾਬੀਨ ਅਤੇ ਮੱਕੀ ਵਰਗੀਆਂ ਫਸਲਾਂ ਦਾ ਨਿਰਯਾਤ ਕਰਦੇ ਹਨ ਜੋ ਕਿ ਪਾਣੀ ਦੀ ਘਾਟ ਵਾਲੇ ਦੇਸ਼ਾਂ ਨੂੰ ਵੇਚੀਆਂ ਜਾਂਦੀਆਂ ਹਨ। ਵਿਰੋਧ ਵਿਚ, ਮੱਧ ਪੂਰਬ ਅਤੇ ਉੱਤਰ ਅਫਰੀਕਾ ਦੇ ਖੇਤਰ ਆਪਣੇ ਘੱਟ ਪਾਣੀ ਸਰੋਤਾਂ ਕਾਰਨ ਖਾਣੇ ਦੀ ਉਤਪਾਦਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ। ਵਰਚੁਅਲ ਪਾਣੀ ਦੇ ਪ੍ਰਵਾਹਾਂ ਨੂੰ ਸਮਝਣਾ ਇਹਨਾਂ ਖੇਤਰਾਂ ਨੂੰ ਖਾਣੇ ਦੇ ਆਯਾਤ ਅਤੇ ਨਿਰਯਾਤ ਦੇ ਫੈਸਲੇ ਕਰਨ ਵਿੱਚ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ, ਜੋ ਕਿ ਉਨ੍ਹਾਂ ਦੀ ਪਾਣੀ ਦੀ ਤਣਾਅ ਨੂੰ ਘਟਾਉਣ ਵਾਲਾ ਹੋ ਸਕਦਾ ਹੈ।

ਨੀਤੀ ਸੁਝਾਵ

ਵਰਚੁਅਲ ਪਾਣੀ ਦੇ ਸਿਧਾਂਤ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤਣ ਲਈ, ਪ੍ਰੋਫੈਸਰ ਐਲਨ ਟਿਕਾਊ ਵਪਾਰਿਕ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਉਹ ਸਰਕਾਰਾਂ ਤੋਂ ਮੰਗ ਕਰਦੇ ਹਨ ਕਿ ਉਹ ਕਿਸਾਨੀ ਦੀਆਂ ਨੀਤੀਆਂ ਅਤੇ ਵਪਾਰਿਕ ਸਹਿਮਤੀਆਂ ਵਿੱਚ ਵਰਚੁਅਲ ਪਾਣੀ ਦੇ ਅੰਕੜਿਆਂ ਨੂੰ ਸ਼ਾਮਲ ਕਰਨ। ਇਸ ਤਰੀਕੇ ਨਾਲ ਉਹ ਲੋਕਲ ਪਾਣੀ ਸਰੋਤਾਂ ਦੀ ਸੰਭਾਲ ਕਰਨ ਵਾਲੀਆਂ ਪ੍ਰਥਾਵਾਂ ਨੂੰ ਉਤਸ਼ਾਹਿਤ ਕਰ ਸਕਦੇ ਹਨ ਜਦੋਂ ਕਿ ਖਾਣੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ।

"ਦੇਸ਼ਾਂ ਨੂੰ ਆਪਣੇ ਵਰਚੁਅਲ ਪਾਣੀ ਦੇ ਆਯਾਤ ਅਤੇ ਨਿਰਯਾਤ ਤੋਂ ਜਾਣੂ ਹੋਣਾ ਚਾਹੀਦਾ ਹੈ," ਐਲਨ ਸੁਝਾਉਂਦੇ ਹਨ। "ਇਹ ਜਾਣਕਾਰੀ ਚੰਗੇ ਸਰੋਤਾ ਪ੍ਰਬੰਧਨ ਨੂੰ ਲੈ ਕੇ ਆ ਸਕਦੀ ਹੈ ਅਤੇ ਸਾਡੇ ਪਾਣੀ ਦੇ ਪ੍ਰਣਾਲੀਆਂ 'ਤੇ ਆਉਂਦੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੀ ਹੈ।"

ਵਰਚੁਅਲ ਪਾਣੀ ਦੇ ਅਧਿਐਨ ਦਾ ਭਵਿੱਖ

ਬਦਲਦੇ ਆਬੋ-ਹਵਾ ਬਦਲਾਅ ਦੁਨੀਆ ਭਰ ਵਿੱਚ ਪਾਣੀ ਦੇ ਸਰੋਤਾਂ ਨੂੰ ਧਮਕੀ ਦੇ ਰਹੇ ਹਨ ਇਸ ਸਭ ਨਾਲ ਵਰਚੁਅਲ ਪਾਣੀ ਦੇ ਸਿਧਾਂਤ ਦਾ ਮਹੱਤਵ ਵਧ ਰਿਹਾ ਹੈ। ਭਵਿੱਖ ਦਾ ਅਧਿਐਨ ਇਸ ਸੰਕਲਪ ਨੂੰ ਟਿਕਾਊ ਵਿਕਾਸ, ਖੁਰਾਕ ਦੀ ਸੁਰੱਖਿਆ ਅਤੇ ਆਬੋ-ਹਵਾ ਦੀ ਲਚਕੀਲੇਤਾ ਬਾਰੇ ਚਰਚਾਵਾਂ ਵਿੱਚ ਕਿਵੇਂ ਸ਼ਾਮਿਲ ਕੀਤਾ ਜਾ ਸਕਦਾ ਹੈ, ਇਸ 'ਤੇ ਧਿਆਨ ਕੇਂਦ੍ਰਿਤ ਕਰਨ ਵਾਲਾ ਹੋਵੇਗਾ। ਸਰਕਾਰਾਂ, ਔਜਾਗਰ ਸੰਸਥਾਵਾਂ ਅਤੇ ਅਕਾਦਮਿਕ ਸੰਸਥਾਵਾਂ ਵਿਚਕਾਰ ਸਹਿਯੋਗ ਲਈ ਇਹ ਅਧਿਆਨ ਤੇਜ਼ ਕਰਨ ਅਤੇ ਕਾਰਗੁਜ਼ਾਰੀ ਯੋਜਨਾਵਾਂ ਵਿਕਸਤ ਕਰਨ ਲਈ ਮਹੱਤਵਪੂਰਕ ਹੋਵੇਗਾ।

ਨਤੀਜਾ

ਵਰਚੁਅਲ ਪਾਣੀ ਦਾ ਸੰਕਲਪ ਸਾਡੇ ਇਸ ਕੀਮਤੀ ਸਰੋਤੇ ਨਾਲ ਸੰਬੰਧ ਬਾਰੇ ਇੱਕ ਮਹੱਤਵਪੂਰਕ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਜਿਵੇਂ ਜਿਵੇਂ ਅਸੀਂ ਵੱਧ ਰਹੇ ਵਾਤਾਵਰਨਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ, ਵਰਚੁਅਲ ਪਾਣੀ ਦੇ ਸਿਧਾਂਤ ਨੂੰ ਸਮਝਣਾ ਅਤੇ ਲਾਗੂ ਕਰਨਾ ਇੱਕ ਟਿਕਾਊ ਭਵਿੱਖ ਬਣਾਉਣ ਲਈ ਕੀਮਤੀ ਹੋ ਸਕਦਾ ਹੈ। ਆਪਣੇ ਖਪਤ ਦੇ ਰੁਝਾਨਾਂ ਦੀ ਛਪੀ ਹੋਈ ਲਾਗਤ ਨੂੰ ਸਮਝ ਕੇ, ਅਸੀਂ ਗਲੋਬਲ ਪਾਣੀ ਸਰੋਤਾਂ ਦੀ ਹੋਰ ਸਮਾਜਿਕ ਅਤੇ ਕੁਸ਼ਲ ਵਰਤੋਂ ਵੱਲ ਕੰਮ ਕਰ ਸਕਦੇ ਹਾਂ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com